੧ ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ ॥

# ਗੁਰੂ ਗੋਬਿੰਦ ਸਿੰਘ ਜੀ

# ਦਾ

# ਵਿਰਸਾ

ਪ੍ਰੋ: ਜੋਗਿੰਦਰ ਸਿੰਘ ਐਮ.ਏ.
ਸ੍ਰੀ ਗੁਰੂ ਤੇਗ ਬਹਾਦਰ ਖਾਲਸਾ ਕਾਲਜ,
ਦੇਵ ਨਗਰ, ਨਵੀਂ ਦਿੱਲੀ

ਪ੍ਰੀਤ ਪ੍ਰਕਾਸ਼ਨ, ਦਿੱਲੀ

Digitized by Panjab Digital Library | www.panjabdigilib.org

# ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ
# ਪ੍ਰਕਾਸ਼ ਦਿਵਸ

ਦੀ

ਸਰਬ ਮਨੁੱਖਤਾ ਨੂੰ

## ਕਰਤਾਰ ਸਿੰਘ ਬੁਤਾਲੀਆ

ਪ੍ਰਧਾਨ

ਆਲ ਇੰਡੀਆ ਸਿੱਖ ਫੈਡਰੇਸ਼ਨ

ਵਲੋਂ

## ਲੱਖ ਲੱਖ ਵਧਾਈ ਹੋਵੇ।

---

# ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ
# ਪ੍ਰਕਾਸ਼ ਉਤਸਵ

ਦੀ

ਸਰਬ ਸੰਗਤਾਂ ਨੂੰ

## ਅਮਰ ਸਿੰਘ ਨਾਰੰਗ
## ਰਾਕਸੀ ਡਰਾਈਕਲੀਨਰਜ਼

ਵਲੋਂ

ਲੱਖ ਲੱਖ ਵਧਾਈ ਹੋਵੇ

Digitized by Panjab Digital Library | www.panjabdigilib.org

# ਗੁਰੂ ਗੋਬਿੰਦ ਸਿੰਘ ਜੀ ਦਾ ਵਿਰਸਾ

( 1 )

'ਗੁਰੂ ਗੋਬਿੰਦ ਸਿੰਘ' ਜੀ ਗੁਰੂ ਨਾਨਕ-ਜੋਤਿ ਤੇ ਜੁਗਤਿ ਦੇ ਦੱਸਵੇਂ ਗੁਰੂ-ਵਾਰਿਸ ਹਨ। ਭਾਵੇਂ ਕਾਇਆਂ ਤੇ ਸਰੂਪ ਵਿਚ ਉਹ ਪਹਿਲੇ ਨੌਂ ਗੁਰੂ ਸਾਹਿਬਾਨ ਤੋਂ ਬਹੁਤ ਵਖਰੇ ਹਨ, ਪਰ ਉਹਨਾਂ ਨੂੰ ਜੋ ਸਿਖਿਆ, ਸ਼ਕਤੀ, ਸ਼ੋਭਾ ਤੇ ਸੰਪਤੀ ਵਿਰਸੇ ਵਿਚ ਪ੍ਰਾਪਤ ਹੋਈ ਹੈ, ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਆਤਮ-ਬੋਧ ਵਿਚੋਂ, 'ਗੁਰੂ-ਜੋਤਿ' ਦੀ ਸੰਪੂਰਣਤਾ ਦਾ ਜੋ ਦਿੱਬ-ਦਰਸ਼ਨ ਕਰਵਾਇਆ ਹੈ, ਉਸ ਨਾਲ ਬਾਲ ਗੋਬਿੰਦ ਰਾਏ ਵੀ ਸੰਪੂਰਣ ਸਿਖਰ ਪ੍ਰਾਪਤ ਕਰ ਲੈਂਦੇ ਹਨ, ਤੇ ਉਹ ਆਤਮਕ ਤੇ ਇਨਕਲਾਬੀ ਸਿੱਖ ਲਹਿਰ ਵੀ ਸੰਪੂਰਣ ਹੋ ਜਾਂਦੀ ਹੈ, ਜਿਸ ਦੀ ਉਸਾਰੀ ਵਾਸਤੇ ਲੱਗ ਭੱਗ 200 ਸਾਲ ਸਿੱਖ ਗੁਰੂਆਂ ਤੇ ਗੁਰਸਿੱਖਾਂ ਨੇ ਬੇਅੰਤ ਘਾਲਣਾ ਘਾਲੀ ਸੀ। 'ਗੁਰੂ-ਜੋਤਿ' ਆਦਿ ਵਿਚ ਵੀ ਸੰਪੂਰਣ ਸੀ, ਮੱਧ ਵਿਚ ਵੀ ਸੰਪੂਰਣ ਸੀ ਤੇ ਸਿਖਰ ਵਿਚ ਵੀ ਸੰਪੂਰਣ ਸੀ। ਅੰਤ ਤਾਂ ਗੁਰੂ-ਜੋਤਿ ਦਾ ਹੈ ਹੀ ਨਹੀਂ। 'ਗੁਰੂ-ਜੋਤਿ' ਤ੍ਰੈ-ਕਾਲ ਵਿਚ ਵੀ ਸੰਪੂਰਣ ਹੀ ਰਹਿੰਦੀ ਹੈ। ਜਿਸ ਸਰੀਰ-ਹਿਰਦੇ ਵਿਚ ਗੁਰੂ-ਜੋਤਿ ਦਾ ਪ੍ਰਕਾਸ਼ ਹੋ ਜਾਏ, ਉਹ ਸਰੀਰ-ਹਿਰਦਾ ਵੀ ਗੁਰੂ ਹੋ ਜਾਂਦਾ ਹੈ, ਤੇ ਉਸ ਦੀ ਬਾਣੀ ਵੀ ਸਦਾ ਵਾਸਤੇ 'ਗੁਰੂ' ਪੱਦ ਪ੍ਰਾਪਤ ਕਰ ਲੈਂਦੀ ਹੈ। ਉਸ ਦਾ ਆਲਾ ਦੁਆਲਾ ਵੀ ਪ੍ਰਕਾਸ਼ ਦੀਆਂ ਨਿੱਘੀਆਂ ਕਿਰਨਾਂ ਨਾਲ ਚਮਕ ਉਠਦਾ ਹੈ। ਉਸ ਦਾ ਸੁਭਾ ਗਹਿਰ-ਗੰਭੀਰ ਤੇ ਸਹਜ ਰੰਗ ਨਾਲ ਰੰਗਿਆ ਜਾਂਦਾ ਹੈ। ਉਸ ਦੀ ਦ੍ਰਿਸ਼ਟ ਵਿਆਪਕ ਤੇ ਵਿਸ਼ਾਲ ਹੋ ਜਾਂਦੀ ਹੈ। ਉਸ ਦਾ ਵਿਹਾਰ ਪਾਵਨ ਤੇ ਪਵਿੱਤਰ ਹੋ ਜਾਂਦਾ ਹੈ। ਉਸ ਦਾ ਬੋਲ ਭੇਖ ਦੀ ਕੈਦ ਤੋਂ ਪੂਰੀ ਤਰ੍ਹਾਂ ਮੁਕਤ ਹੋ ਜਾਂਦਾ ਹੈ। ਸੱਚ, ਪਿਆਰ, ਸੰਤੋਖ, ਤਿਆਗ, ਸ੍ਵੈ-ਮਾਣ ਤੇ ਆਜ਼ਾਦੀ ਉਸ ਦਾ ਵਿਸ਼ੇਸ਼ ਆਤਮਕ-ਵਿਰਸਾ ਬਣ ਜਾਂਦਾ ਹੈ। ਗੁਰੂ-ਜੋਤਿ ਦੇ ਅਧਿਕਾਰੀ ਪੁਰਸ਼ ਦਾ ਹਰ ਕਰਮ 'ਸ਼ੁਭ ਕਰਮ' ਦਾ ਪ੍ਰਤੀਕ ਹੁੰਦਾ ਹੈ। ਉਸ ਦੇ ਜੀਵਨ ਦਾ ਹਰ 'ਤੱਥ' ਚਰਿੱਤਰ ਦਾ ਸੱਚ ਬਣ ਕੇ ਉਜਾਗਰ ਹੁੰਦਾ ਹੈ। ਅਜਿਹੇ ਪੁਰਸ਼ ਕੋਲ ਧਰਮ ਦਾ ਜੀਵੰਤ ਸੰਕਲਪ ਵੀ ਹੁੰਦਾ ਹੈ। ਦੁਸ਼ਟ ਤੇ ਕੁਬੁਧਿ ਲੋਕਾਂ ਨੂੰ ਪਛਾੜਣਾ ਤੇ ਸੰਘਾਰਨਾ ਉਸ ਦਾ ਵਿਸ਼ੇਸ਼ ਆਤਮ-ਆਦਰਸ਼ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਨੂੰ ਵੀ ਦੱਸਵੀਂ ਗੁਰੂ-ਜੋਤਿ ਹੋਣ ਕਰਕੇ, ਗੁਰੂ-ਜੋਤਿ ਦਾ ਇਹ ਗੌਰਵਸ਼ੀਲ ਤੇ ਸੱਚ-ਚਰਿੱਤਰ ਨਾਲ ਭਰੂਪਰ ਦੈਵੀ ਵਿਰਸਾ ਪ੍ਰਾਪਤ ਹੁਦਾ ਹੈ।

( 2 )

'ਗੁਰੂ-ਜੋਤਿ' ਦਾ ਸੋਮਾ ਪਰਮ-ਪ੍ਰਭੂ ਆਪ ਹੈ। 'ਗੁਰੂ-ਜੋਤਿ' ਦਾ ਪ੍ਰਕਾਸ਼ ਜਿਸ ਹਿਰਦੇ ਵਿਚੋਂ, ਜਿਸ ਗ੍ਰੰਥ ਵਿਚੋਂ, ਜਿਸ ਮੰਦਰ ਵਿਚੋਂ, ਜਿਸ ਸ਼ਹੀਦ ਦੀ ਅੰਤਰ-ਆਤਮਾ ਵਿਚੋਂ ਸਾਖਿਆਤ ਹੁੰਦਾ ਹੈ, ਉਹ ਹਿਰਦਾ, ਗ੍ਰੰਥ ਤੇ ਸਥਾਨ ਪਰਮ-ਪ੍ਰਭੂ ਦੇ ਪ੍ਰਸਾਦਿ ਦਾ ਸੁਭਾਗੀ ਬਣ ਜਾਂਦਾ ਹੈ। ਅਜਿਹੇ ਸੁਭਾਗ ਦੇ ਵਾਰਿਸ ਮਨੁਖ ਦੀ ਜੱਗ-ਪ੍ਰਵੇਸ਼ਕਾ 'ਆਦਿਸ' ਰੂਪ

Digitized by Panjab Digital Library | www.panjabdigilib.org

ਵਿਚ ਹੀ ਹੁੰਦੀ ਹੈ। 'ਆਦਿਸ' ਦਾ ਭਾਵ ਹੈ, "ਪ੍ਰਮਾਤਮਾ ਦੀ ਆਗਿਆ ਜਾਂ ਹੁਕਮ।" ਸਰਬ ਗੁਰੂ-ਸ਼ਖਸੀਅਤਾਂ ਦੀ ਜੱਗ-ਪ੍ਰਵੇਸ਼ਕਾ 'ਆਦਿਸ' ਰੂਪ ਵਿਚ ਹੀ ਹੋਈ ਸੀ। ਸਾਰੇ ਗੁਰੂ ਸਾਹਿਬਾਨ ਨੇ ਸਰਗੁਣ-ਸਰੂਪ ਵਿਚ ਜੋ ਕਾਰਜ ਕੀਤਾ ਹੈ, ਉਸ ਵਿਚ ਵੀ 'ਪ੍ਰਭੂ-ਆਦਿਸ' ਨੂੰ ਹੀ ਪ੍ਰਮੁਖ ਰਖਿਆ ਗਿਆ ਹੈ। 'ਪ੍ਰਭੂ-ਆਦਿਸ' ਜਿਸ ਨੂੰ ਪ੍ਰਾਪਤ ਹੈ, ਉਹ ਭਾਵੇਂ ਕਿਸੇ ਵੀ ਧਰਮ-ਮੱਤ ਦਾ ਪ੍ਰਤੀਨਿਧ ਹੋਵੇ, ਉਸ ਦਾ ਵਿਸ਼ੇਸ਼ ਕਰਤੱਵ ਧਰਮ-ਪ੍ਰਚਾਰ ਤੇ ਕੁਬੁਧਿ-ਸੰਘਾਰ ਹੀ ਹੁੰਦਾ ਹੈ। ਸਾਰੀਆਂ ਗੁਰੂ-ਸ਼ਖਸੀਅਤਾਂ ਦਾ ਵਿਸ਼ੇਸ਼ ਕਰਤੱਵ ਇਹੀ ਰਿਹਾ ਹੈ, ਕਿ 'ਧਰਮ' ਦੀ ਸਰਬ ਸਾਂਝੀ, ਸਰਬ ਭਾਵੀ ਤੇ ਸ਼ਕਤੀ ਸ਼ਾਲੀ ਜੀਵਨ-ਕਿਰਿਆ ਦਾ ਪ੍ਰਚਾਰ ਕੀਤਾ ਜਾਵੇ। ਤੇ ਦੁਸ਼ਟ ਤੇ ਕੁਬੁਧਿ ਨੂੰ ਪਛਾੜਿਆ ਤੇ ਸੰਘਾਰਿਆ ਜਾਵੇ। ਗੁਰੂਆਂ ਤੋਂ ਪਹਿਲਾਂ ਪ੍ਰਭੂ-ਆਦਿਸ ਨੂੰ ਪ੍ਰਾਪਤ ਕਰਨ ਦਾ ਦਾਹਵਾ ਤਾਂ ਧਰਤੀ ਦੇ ਅਨੇਕਾਂ ਹੀ ਪੈਗੰਬਰਾਂ, ਅਵਤਾਰਾਂ ਤੇ ਰਿਸ਼ੀਆਂ ਨੇ ਕੀਤਾ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਸਾਖੀ ਭਰਦੇ ਹਨ, ਕਿ ਕਿਸੇ ਵੀ ਪੈਗੰਬਰ, ਅਵਤਾਰ, ਤੇ ਰਿਸ਼ੀ ਨੇ ਪ੍ਰਭੂ-ਆਦਿਸ ਦੇ ਸੰਪੂਰਣ ਕਰਤੱਵ ਨੂੰ ਨਿਬਾਹਿਆ ਨਹੀਂ। ਜਿਹੜਾ ਵੀ ਪ੍ਰਭੂ-ਆਦਿਸ ਲੈ ਕੇ ਸੰਸਾਰ ਵਿਚ ਆਇਆ, ਉਸ ਨੇ 'ਪ੍ਰਭ ਕੈ ਪੰਥ' ਦੀ ਥਾਂ ਆਪਣਾ ਹੀ ਹੀ ਧਰਮ-ਪੰਥ ਚਲਾ ਲਿਆ, ਪ੍ਰਭੂ-ਨਾਮ ਦੀ ਥਾਂ ਉਸ ਨੇ ਆਪਣਾ ਹੀ ਨਾਮ ਜਪਾਨਾ ਸ਼ੁਰੂ ਕਰ ਦਿੱਤਾ, ਪ੍ਰਭੂ-ਭੇਖ ਦੀ ਥਾਂ ਉਸ ਨੇ ਆਪਣਾ ਹੀ ਭੇਖ ਬਣਾ ਲਿਆ; ਜਿਸ ਦਾ ਫੱਲ-ਸਰੂਪ ਇਹ ਹੋਇਆ, ਕਿ ਸੰਪਰਦਾਇਕ ਵੈਰ-ਵਿਰੋਧ ਤੇ ਪਾਖੰਡ ਘੱਟਣ ਦੀ ਥਾਂ ਹੋਰ ਵਧ ਗਏ। ਗੁਰੂ-ਜੋਤਿ ਹੀ ਪਹਿਲੀ ਹਸਤੀ ਸੀ, ਜਿਸ ਨੇ ਨਾ ਆਪਣਾ ਧਰਮ-ਪੰਥ ਚਲਾਇਆ, ਨਾ ਆਪਣਾ ਨਾਮ ਜਪਾਇਆ, ਅਤੇ ਨਾ ਹੀ ਆਪਣਾ ਭੇਖ-ਡੰਮ ਬਣਾਇਆ। ਉਹਨਾਂ ਪਹਿਲੀ ਵਾਰੀ 'ਪ੍ਰਭੂ-ਆਦਿਸ' ਦਾ ਸੰਪੂਰਣ ਤੌਰ ਤੇ ਸਮਾਧਾਨ ਕੀਤਾ। ਜੋ ਅਕਾਲ ਪੁਰਖ ਨੇ ਉਹਨਾਂ ਨੂੰ ਆਦੇਸ ਦਿੱਤਾ ਸੀ, ਉਹੀ ਆਦੇਸ ਉਹਨਾਂ ਨੇ ਸਰਬ ਵਿਸ਼ਵ ਦੇ ਲੋਕਾਂ ਨੂੰ ਦਿੱਤਾ। ਇਹੀ ਕਾਰਨ ਹੈ, ਕਿ 'ਗੁਰੂ-ਜੋਤਿ' ਸੰਸਾਰ ਦੇ ਭੇਖ, ਡਿੰਭ, ਸਵਾਂਗ ਤੇ ਦ੍ਵੈਤ ਦੇ ਵਰਤਾਰੇ ਨੂੰ ਘਟਾਣ ਵਿਚ ਸਭ ਨਾਲੋਂ ਵਧ ਸਹਾਇਕ-ਸਿਧ ਹੋਈ ਹੈ।

ਗੁਰੂ-ਜੋਤਿ ਨੇ ਬਹੁਤਾ ਬੱਲ ਪੰਥ-ਚਰਿੱਤਰ ਉਤੇ ਦਿੱਤਾ ਹੈ, ਨਾ ਕਿ ਭਿੰਨ ਭਿੰਨ ਮੱਤ-ਪੰਥਾਂ ਦੀ ਉਸਾਰੀ ਵਲ। ਜੇ ਭਿੰਨ ਭਿੰਨ ਮੱਤ-ਪੰਥ ਸੰਸਾਰ ਵਿਚ ਵੈਰ-ਵਿਰੋਧ ਦੀ ਪਿੱਠ ਪੂਰਦੇ ਹਨ, ਤਾਂ ਗੁਰੂ ਸਾਹਿਬਾਂ ਨੇ ਉਹਨਾਂ ਦਾ ਖੰਡਨ ਕਰਨੋਂ ਵੀ ਕਿਸੇ ਤਰ੍ਹਾਂ ਦਾ ਡਰ ਮਹਿਸੂਸ ਨਹੀਂ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣੇ ਤੋਂ ਪਹਿਲਾਂ ਹੋਏ ਦੈਂਤ, ਦੇਵਤਾ, ਮਹਾਂਦੇਵ, ਵਿਸ਼ਨੂੰ, ਬ੍ਰਹਮਾ, ਅਸ਼ਟ ਸਾਖੀ, ਮਨੁੱਖ, ਸਿਧ, ਦੱਤਾ ਤ੍ਰੈਯ, ਗੋਰਖ, ਰਾਮਾਨੰਦ ਤੇ ਮੁਹੰਮਦ ਸਰਬ ਧਰਮ-ਮੁਖੀਆਂ ਤੇ ਉਹਨਾਂ ਦੁਆਰਾ ਉਸਰੀ ਸੰਸਕ੍ਰਿਤੀ-ਵਿਕਾਸ ਦੀ ਸਾਰੀ ਪ੍ਰੰਪਰਾ ਨੂੰ ਖੰਡਨ ਦੀ ਤੇਜ਼ ਧਾਰ ਉਤੇ ਪਰਖਿਆ ਹੈ। ਤੇ ਸਿੱਟਾ ਇਹ ਕਢਿਆ ਹੈ, ਕਿ, "ਪਰਮ ਪੁਰਖ ਕਿਨਹੂੰ ਨਹ ਪਾਯੋ", "ਆਪਨ ਹੀ ਪ੍ਰਮੇਸਰ ਕਹਾਏ," "ਪ੍ਰਭ ਕੈ ਪੰਥ ਨਾ ਕੋਊ ਚਲੇ," "ਮੈ ਮੈ ਕਰਤ ਜਗਤ ਤੇ ਗਏ"। ਪਰ ਗੁਰੂ-ਜੋਤਿ ਦੇ ਦਸਵੇਂ ਵਾਰਿਸ ਨੇ ਪ੍ਰਭੂ-ਆਦਿਸ ਪ੍ਰਾਪਤ ਕਰ ਕੇ ਸਪਸ਼ਟ ਤੌਰ ਤੇ ਆਖਿਆ, ਕਿ, "ਮੈਂ ਹੋ ਪਰਮ ਪੁਰਖ ਕੋ ਦਾਸਾ", "ਜੋ ਹਮ ਕੋ ਪਰਮੇਸਰ ਉਚਰਿ ਹੈ ਤੇ ਸਭ ਨਰਕ ਕੁੰਡ ਮਹਿ ਪਰਿ ਹੈ," "ਹਮ ਏਹ ਕਾਜ ਜਗਤ ਮੋ ਆਏ, "ਜਹਾਂ ਤਹਾਂ ਤੁਮ ਧਰਮ ਬਿਥਾਰੋ, ਦੁਸਟ ਦੋਖੀਅਨ ਪਕਰਿ ਪਛਾਰੋ",



Digitized by Panjab Digital Library | www.panjabdigilib.org

"ਧਰਮ ਚਲਾਵਨ ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ ॥" ਇਹ ਅੰਤਰ ਹੀ ਗੁਰੂ-ਜੋਤਿ ਦੇ ਇਤਿਹਾਸ ਨੂੰ ਹਿੰਦੁਸਤਾਨ ਦੇ ਅਵਤਾਰ-ਇਤਿਹਾਸ ਤੇ ਧਰਮ-ਅਚਾਰੀਆਂ ਦੇ ਇਤਿਹਾਸ ਤੋਂ ਭਿੰਨ ਕਰਦਾ ਹੈ। ਗੁਰੂ ਨਾਨਕ-ਜੋਤਿ ਨੇ ਗੁਰੂ-ਹਿਰਦਿਆਂ ਵਿਚ ਪ੍ਰਵੇਸ਼ ਕਰ ਕੇ, ਜੋ ਗੌਰਵਸ਼ੀਲ ਕਰੱਤਵ ਉਹਨਾਂ ਕੋਲੋਂ ਕਰਵਾਏ ਹਨ, ਉਹ ਸਾਰੇ ਕਰਤੱਵ ਤੇ ਉਹਨਾਂ ਕਰਤੱਵਾਂ ਦਾ ਸਾਰਾ ਫਲ ਗੁਰੂ ਗੋਬਿੰਦ ਸਿੰਘ ਜੀ ਨੂੰ ਵਿਰਸੇ ਵਿਚ ਪ੍ਰਾਪਤ ਹੁੰਦਾ ਹੈ।

( 3 )

ਆਦਿ ਗੁਰੂ-ਜੋਤਿ ਗੁਰੂ ਨਾਨਕ-ਪਾਤਿਸ਼ਾਹ ਦੀ ਮਾਨਸਿਕ-ਖਾਹਿਸ਼ ਇਹ ਸੀ, ਕਿ ਮਨੁੱਖਤਾ ਨੂੰ ਉਹ ਧਰਮ-ਪੰਥ ਦਸਿਆ ਜਾਏ, ਜਿਸ ਨਾਲ ਸਾਰੀ ਮਨੁੱਖਤਾ ਸੱਚ ਪੱਖੀ ਹੋ ਜਾਏ, ਨਿਆਂ ਧਾਰੀ ਬਣ ਜਾਏ, ਬਿਬੇਕ ਗਿਆਨੀ ਹੋ ਜਾਏ। ਸੱਚ, ਨਿਆਂ ਤੇ ਗਿਆਨ ਹੀ ਗੁਰੂ ਨਾਨਕ-ਧਰਮ ਪੰਥ ਦੇ ਮੁਖ ਲੱਛਣ ਹਨ। ਗੁਰੂ-ਜੋਤਿ ਦੀਆਂ ਵਾਰਿਸ ਸਰਬ ਸ਼ਖਸੀਅਤਾਂ ਦਾ ਧਰਮ-ਪੰਥ ਇਹੀ ਰਿਹਾ ਹੈ। ਜਿਸ ਨੂੰ ਭਾਈ ਗੁਰਦਾਸ ਜੀ 'ਨਾਨਕ ਨਿਰਮਲ ਪੰਥ' ਆਖਦੇ ਹਨ, ਉਹ ਵੀ ਉਹੀ ਪੰਥ ਹੈ, ਜਿਸ ਨੂੰ 'ਧਰਮ-ਪੰਥ' ਆਖਿਆ ਹੈ। 'ਪ੍ਰਭ ਕੈ ਪੰਥ' ਦੇ ਪਾਂਧੀਆਂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਅੰਮ੍ਰਿਤ ਛਕਾ ਕੇ 'ਖਾਲਸਾ-ਪੰਥ' ਵਿਚ ਬਦਲਿਆ ਸੀ। ਗੁਰੂ ਨਾਨਕ ਦੇਵ ਜੀ ਦੇ ਧਰਮ-ਪੰਥ ਤੇ ਗੁਰੂ ਗੋਬਿੰਦ ਸਿੰਘ ਜੀ ਦੇ ਖਾਲਸਾ-ਪੰਥ ਵਿਚ ਕਿਸੇ ਤਰ੍ਹਾਂ ਦੀ ਵੀ ਭਿੰਨਤਾ ਨਹੀਂ । ਹਾਂ ਧਰਮ-ਪੰਥ ਦਾ ਹੀ ਵਿਕਾਸ ਖਾਲਸਾ-ਪੰਥ ਹੈ।

'ਗੁਰੂ-ਜੋਤਿ' ਦੇ ਧਰਮ-ਪੰਥ ਦੀ ਨੀਂਹ-ਸ਼ਿਲਾ ਵਿਚ 'ਨਾਮ-ਆਚਰਣ, ਚੜ੍ਹਦੀ-ਕਲਾ, ਤੇ 'ਸਰਬੱਤ ਦਾ ਭਲਾ' ਭਾਵ ਸਮਾਏ ਹੋਏ ਹਨ। ਇਸ 'ਧਰਮ-ਪੰਥ' ਨੇ ਜੋ ਜੀਵਨ-ਸਰੂਪ ਘੜਿਆ ਹੈ, ਉਸ ਵਿਚੋਂ ਏਕਤਾ, ਨਿਰਲੇਪਤਾ, ਵਿਗਾਸ ਤੇ ਸੁਤੰਤਰਤਾ ਦੀ ਸੰਪੂਰਣ ਜ਼ਿੰਦਗੀ ਉਜਾਗਰ ਹੁੰਦੀ ਹੈ। 'ਗੁਰੂ-ਜੋਤਿ' ਦੇ ਧਰਮ-ਪੰਥ ਦਾ ਉਦੇਸ਼ ਗੁਰੂ ਗੋਬਿੰਦ ਸਿੰਘ ਜੀ ਵਰਗੀ ਸਰਬ ਪੱਖੀ ਤੇ ਸੰਪੂਰਣ ਸ਼ਖਸੀਅਤ ਦੀ ਸਿਰਜਣਾ ਕਰਨਾ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਆਪ ਸਿਰਜਣਹਾਰ ਸਨ। ਉਹਨਾਂ ਨੇ ਗੁਰੂ ਨਾਨਕ ਧਰਮ-ਪੰਥ ਨੂੰ ਜਿਹੜਾ ਸੰਪੂਰਣ ਖਾਲਸਾ-ਪੰਥ ਦਾ ਸਰੂਪ-ਸਿਖਰ ਦਿੱਤਾ, ਉਸ ਨਾਲ ਇਹ ਧਰਮ-ਪੰਥ ਪ੍ਰਭ ਦਾ ਧਰਮ-ਪੰਥ ਬਣ ਗਿਆ। ਗੁਰੂ ਨਾਨਕ ਦੇਵ ਜੀ ਨੇ ਜਿਹੜਾ ਧਰਮ-ਪੰਥ ਦਿਤਾ ਹੈ, ਉਹ ਵੀ ਪ੍ਰਭ ਦਾ ਧਰਮ-ਪੰਥ ਹੈ, ਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਧਰਮ-ਪੰਥ' ਆਧਾਰਤ ਜਿਹੜਾ ਖਾਲਸਾ-ਪੰਥ ਸਾਜਿਆ, ਉਹ ਵੀ ਸਿੱਧਾ ਵਾਹਿਗੁਰੂ ਜੀ ਦਾ ਹੀ ਹੈ। ਗੁਰੂ ਗੋਬਿੰਦ ਸਿੰਘ ਜੀ ਕੋਲ ਜੀਵੰਤ ਧਰਮ-ਪੰਥ ਦਾ ਸੰਕਲਪ ਸੀ। ਧਰਮ-ਪੰਥ ਵਿਚ ਭਗਤੀ-ਭਾਵਨਾ ਪਹਿਲਾਂ ਹੁੰਦੀ ਹੈ ਤੇ ਯੁੱਧ-ਭਾਵਨਾ ਪਿਛੋਂ। ਗੁਰੂ ਗੋਬਿੰਦ ਸਿੰਘ ਜੀ ਨੇ ਭਗਤੀ ਤੇ ਯੁੱਧ ਦੋਹਾਂ ਭਾਵਨਾਵਾਂ ਨੂੰ ਰਲਾ ਕੇ, ਜੀਵੰਤ ਧਰਮ-ਪੰਥ ਦੇ ਸੰਕਲਪ ਨੂੰ ਸਪਸ਼ਟ ਤੇ ਸੰਪੂਰਣ ਰੂਪ ਵਿਚ ਮੂਰਤੀਮਾਨ ਕੀਤਾ। ਗੁਰੂ ਗੋਬਿੰਦ ਸਿੰਘ ਜੀ ਦਾ 'ਧਰਮ-ਪੰਥ' ਸੱਚ, ਨਿਆਂ ਤੇ ਬਿਬੇਕ ਗਿਆਨ ਦਾ ਪ੍ਰਚਾਰ ਵੀ ਕਰਦਾ ਹੈ, ਦੁਸ਼ਟ ਤੇ ਕੁਬੁਧਿ ਨੂੰ ਪਛਾੜਦਾ ਤੇ ਸੰਘਾਰਦਾ ਵੀ ਹੈ। ਸਾਰੀਆਂ ਗੁਰੂ-ਸ਼ਖਸੀਅਤਾਂ ਸੰਤ-ਸੱਤਾ ਨੂੰ



Digitized by Panjab Digital Library | www.panjabdigilib.org

ਹੀ ਉਭਾਰਦੀਆਂ ਰਹੀਆਂ ਹਨ ਤੇ ਦੁਸ਼ਟ-ਸੱਤਾ ਨੂੰ ਵੰਗਾਰਦੀਆਂ ਰਹੀਆਂ ਹਨ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ 'ਪ੍ਰਭੂ-ਆਇਸ' ਪ੍ਰਾਪਤ ਕਰ ਕੇ ਸਾਰਾ ਜੀਵਨ ਜੋ ਧਰਮ-ਪ੍ਰਚਾਰ ਕੀਤਾ ਹੈ, ਜੋ ਦੁਸ਼ਟ-ਸੰਘਾਰ ਕੀਤਾ ਹੈ, ਜੋ ਨਿਡਰਤਾ ਤੇ ਦ੍ਰਿੜ੍ਹਤਾ ਦਾ ਸਬੂਤ ਦਿੱਤਾ ਹੈ, ਉਸ ਆਧਾਰ ਤੇ ਇਹ ਆਖਿਆ ਜਾ ਸਕਦਾ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਨੂੰ ਆਤਮਕ-ਵਿਰਸੇ ਵਿਚ ਜੋ ਪ੍ਰਭੂ-ਆਇਸ ਪ੍ਰਾਪਤ ਹੋਇਆ ਸੀ, ਉਸ ਵਿਚ ਉਹ ਪੂਰਨ ਭਾਂਤ ਸਫਲ ਹੋਏ ਹਨ। ਉਹਨਾਂ ਦਾ ਧਰਮ-ਪੰਥ ਮਨੁਖ ਨੂੰ ਰਾਜ-ਪੰਥ ਵਲ ਲੈ ਜਾਂਦਾ ਹੈ ਤੇ ਰਾਜ-ਪੰਥ ਮਨੁਖ ਨੂੰ ਧਰਮ-ਪੰਥ ਵਲ ਮੋੜਦਾ ਹੈ। ਗੁਰੂ ਗੋਬਿੰਦ ਸਿੰਘ ਜੀ ਦੇ ਧਰਮ-ਪੰਥ ਵਿਚ ਰਾਜ-ਪੰਥ ਵੀ ਸੀ। ਧਰਮ-ਪ੍ਰਚਾਰ ਤਾਂ ਆਦਿ ਗੁਰੂ-ਜੋਤਿ ਤੋਂ ਹੀ ਹੋ ਰਿਹਾ ਸੀ, ਪਰ ਗੁਰੂ ਤੇਗ ਬਹਾਦਰ ਜੀ ਨੂੰ ਉਸ ਦੀ ਸੁਰਖਿਆ ਵਾਸਤੇ 'ਸਾਕਾ' ਵੀ ਕਰਨਾ ਪਿਆ। ਗੁਰੂ ਗੋਬਿੰਦ ਸਿੰਘ ਜੀ ਨੇ 'ਪ੍ਰਚਾਰ ਤੇ ਸਾਕੇ' ਵਿਚ ਏਕਤਾ ਲਿਆ ਕੇ, ਇਹ ਸਾਬਤ ਕਰ ਦਿੱਤਾ, ਕਿ 'ਧਰਮ-ਪੰਥ' ਧਰਮ ਦਾ ਪ੍ਰਚਾਰ ਵੀ ਕਰਦਾ ਹੈ ਤੇ ਦੁਸ਼ਟਾਂ ਦਾ ਸੰਘਾਰ ਵੀ ਕਰਦਾ ਹੈ। ਗੁਰੂ ਗੋਬਿੰਦ ਸਿੰਘ ਜੀ ਵੇਲੇ ਧਰਮ-ਪ੍ਰਚਾਰ ਦਾ ਸਹੀ ਤੇ ਸੰਪੂਰਣ ਰੂਪ ਵਿਚ ਪ੍ਰਗਟਾਵਾ ਹੁੰਦਾ ਹੈ।

ਗੁਰੂ ਗੋਬਿੰਦ ਸਿੰਘ ਜੀ ਨੂੰ ਜਿਹੜਾ 'ਧਰਮ-ਪੰਥ' ਵਿਰਸੇ ਵਿਚ ਪ੍ਰਾਪਤ ਹੋਇਆ, ਉਸ ਧਰਮ-ਪੰਥ ਦਾ ਬੁਨਿਆਦੀ ਵਿਸ਼ਵਾਸ ਇਕ ਅਕਾਲ ਪੁਰਖ ਵਿਚ ਸੀ। ਗੁਰੂ ਨਾਨਕ ਤੇ ਪਿਛਲੀਆਂ ਗੁਰੂ-ਸ਼ਖਸੀਅਤਾਂ ਨੇ ਵੀ ਇਕ ਪ੍ਰਮਾਤਮਾ ਨੂੰ ਸਰਬ ਸਮਰੱਥ-ਸ਼ਕਤੀ ਸਵੀਕਾਰ ਕੀਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਸੋਲਾਂ ਹਜ਼ਾਰ ਵਾਰੀ ਤੁਹੀਂ ਤੁਹੀਂ ਦੀ ਧੁਨੀ ਅਲਾਪ ਕੇ, ਇਹ ਦ੍ਰਿੜ੍ਹ ਕਰਵਾ ਦਿੱਤਾ, ਕਿ ਅਕਾਲ ਪੁਰਖ ਤੋਂ ਬਿਨਾਂ ਹੋਰ ਕੁਝ ਵੀ ਨਹੀਂ। ਭਾਵੇਂ ਉਹਨਾਂ ਨੇ 'ਚੌਬੀਸ ਅਵਤਾਰ' ਰਚਨਾ ਲਿਖੀ ਹੈ, ਪਰ ਅਵਤਾਰਾਂ ਵਿਚੋਂ ਕੋਈ ਵੀ ਉਹਨਾਂ ਦਾ ਇਸ਼ਟ ਦੇਵ ਨਹੀਂ ਸੀ। ਮੂਲ ਰੂਪ ਵਿਚ ਉਹ ਅਕਾਲ ਪੁਰਖ ਦੇ ਹੀ ਉਪਾਸ਼ਕ ਸਨ। 'ਅਕਾਲ ਪੁਰਖ' ਦਾ ਅਦ੍ਵੈਤ-ਦਰਸ਼ਨ-ਦੀਦਾਰ ਹੀ ਉਹਨਾਂ ਨੂੰ ਗੁਰੂ-ਜੋਤਿ ਵਿਚੋਂ ਹੁੰਦਾ ਸੀ। ਭਾਵੇਂ ਬਹੁਤਿਆਂ ਨੇ ਗੁਰੂ-ਜੋਤਿ ਦੀ ਏਕਤਾ ਨੂੰ ਪਹਿਚਾਣਿਆਂ ਨਹੀਂ, ਸਭ ਨੇ ਭਿੰਨ ਭਿੰਨ ਹੀ ਉਹਨਾਂ ਨੂੰ ਜਾਣਿਆਂ ਹੈ, ਪਰ ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ-ਪੰਥ ਦੀ ਏਕਤਾ ਵਲ ਖਾਸ ਧਿਆਨ ਦਿੱਤਾ ਹੈ। ਇਸੇ ਕਰ ਕੇ ਦਸ਼ਮੇਸ ਪਿਤਾ ਨੇ ਬਹੁਤਾ ਬੱਲ ਵਿਅਕਤੀਗਤ ਗੁਰੂ-ਸ਼ਖਸੀਅਤ ਦੇ ਕਰਤੱਵਾਂ ਨੂੰ ਮੂਰਤੀਮਾਨ ਕਰਨ ਉਤੇ ਨਹੀਂ, ਬਲ ਕਿ ਉਹਨਾਂ ਦੇ ਧਰਮ-ਪੰਥ ਦੇ ਚਰਿੱਤਰ ਨੂੰ ਰੂਪਮਾਨ ਕਰਨ ਉਤੇ ਦਿੱਤਾ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਜਿਸ ਧਰਮ-ਪੰਥ ਨੂੰ ਸੰਪੂਰਣ 'ਖਾਲਸਾ' ਦਾ ਰੂਪ ਦਿੱਤਾ ਹੈ, ਉਹ ਧਰਮ-ਪੰਥ ਕਿਸੇ ਵੀ ਚੱਕਰ-ਚਿਹਨ, ਵਰਨ-ਜਾਤਿ, ਰੂਪ-ਰੰਗ ਤੇ ਰੇਖ-ਭੇਖ ਦਾ ਵਿਤਕਰਾ ਸਵੀਕਾਰ ਨਹੀਂ ਕਰਦਾ। ਜਿਵੇਂ ਅਕਾਲ ਪੁਰਖ ਦਾ 'ਪੰਥ' ਨਿਰਭਉ ਤੇ ਨਿਰਵੈਰ ਹੈ, ਇਸੇ ਤਰ੍ਹਾਂ ਗੁਰੂ ਗੋਬਿੰਦ ਸਿੰਘ ਜੀ ਨੇ 'ਖਾਲਸੇ' ਨੂੰ ਅਕਾਲ ਪੁਰਖ ਦਾ ਆਪਣਾ ਤੇ ਸ਼ੁੱਧਾਤਮਿਕ ਮੰਡਲ ਦਾ ਚਮਤਕਾਰ ਆਖ ਕੇ, ਉਸ ਪਰਮ-ਪੰਥ ਦਾ ਧਾਰਨੀ ਬਣਾ ਦਿੱਤਾ। ਜਿਸ ਵਿਚ ਉਹ ਸਦਾ ਨਿਰਭਉ ਤੇ ਨਿਰਵੈਰ ਰਹੇ ਗਾ। ਗੁਰੂ ਨਾਨਕ-ਪਾਤਿਸ਼ਾਹ ਨੇ ਆਪਣੇ ਜੀਵਨ-ਅਮਲ ਰਾਹੀਂ ਧਰਮ-ਪੰਥ ਦਾ ਜੀਊਂਦਾ ਜਾਗਦਾ ਜੋ ਸੰਕਲਪ ਦਿੱਤਾ, ਗੁਰੂ ਅੰਗਦ ਦੇਵ ਜੀ ਤੋਂ ਲੈ ਕੇ



Digitized by Panjab Digital Library | www.panjabdigilib.org

ਗੁਰੂ ਤੇਗ ਬਹਾਦਰ ਜੀ ਤਕ ਸਰਬ ਗੁਰੂ-ਸਖ਼ਸੀਅਤਾਂ ਨੇ ਉਸ ਧਰਮ-ਪੰਥ ਦੀ ਵਿਆਖਿਆ ਤੇ ਵਿਕਾਸਗਤੀ ਨੂੰ ਸਾਖਿਅਤ ਕੀਤਾ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਧਰਮ-ਪੰਥੀਆਂ ਨੂੰ ਅੰਮ੍ਰਿਤ ਛਕਾ ਕੇ, ਖਾਲਸਾ-ਪੰਥ ਦੇ ਪ੍ਰਤੀਨਿਧ ਹੋਣ ਦੀ ਮੁੱਦ੍ਰਾ-ਮੁਹਰ ਲਾ ਦਿਤੀ, ਕਿ ਉਹ ਆਪਣੇ ਸਰਗੁਣ ਜੀਵਨ ਵਿਚ ਨਾ ਕਿਸੇ ਤੋਂ ਡਰੇਗਾ, ਅਤੇ ਨਾ ਹੀ ਕਿਸੇ ਨਾਲ, ਕਿਸੇ ਵੀ ਪੱਧਰ ਉਤੇ ਵੈਰ-ਵਿਰੋਧ ਕਰੇਗਾ। ਨਾ ਕਿਸੇ ਤੋਂ ਡਰਨਾ ਅਤੇ ਨਾ ਕਿਸੇ ਨਾਲ ਵੈਰ-ਵਿਰੋਧ ਕਰਨਾ, ਇਹ ਧਰਮ-ਪੰਥ ਦੇ, ਖਾਲਸਾ-ਪੰਥ ਦੇ, ਪ੍ਰਭ ਕੈ ਪੰਥ ਦੇ ਜੀਵੰਤ ਤੇ ਸ਼ਕਤੀਸ਼ਾਲੀ ਹੋਣ ਦੇ ਬੁਨਿਆਦੀ ਆਧਾਰ ਹਨ।

"ਗੁਰੂ ਗੋਬਿੰਦ ਸਿੰਘ ਜੀ ਨੇ ਧਰਮ-ਪੰਥ ਤੇ ਰਾਜ-ਪੰਥ ਵਿਚ ਇਕ ਸੁਮੇਲ ਪੈਦਾ ਕੀਤਾ ਹੈ। ਉਹਨਾਂ ਦੇ ਜੀਵਨ-ਝਰੋਖੇ ਵਿਚੋਂ ਹੀ ਇਹ ਸਪਸ਼ਟ ਹੋ ਜਾਂਦਾ ਹੈ, ਕਿ 'ਧਰਮ-ਪੰਥ' ਮਨੁਖ ਨੂੰ ਰਾਜ-ਪੰਥ ਵਲ ਲੈ ਜਾ ਰਿਹਾ ਹੈ ਤੇ 'ਰਾਜ-ਪੰਥ' ਮਨੁਖ ਨੂੰ ਧਰਮ-ਪੰਥ ਵਲ ਮੋੜ ਰਿਹਾ ਹੈ। ਇਸੇ ਕਰ ਕੇ ਗੁਰੂ-ਜੋਤਿ ਨੇ ਧਰਮ-ਪੰਥ ਦਾ ਜੋ ਸੁਮਿਲਵਾਂ ਸੰਕਲਪ ਮੂਰਤੀਮਾਨ ਕੀਤਾ ਹੈ, ਉਸ ਨੇ 'ਸਿੱਖ ਪੰਥ' ਦੀ ਹਸਤੀ ਨੂੰ ਸਭ ਭਾਰਤੀ ਤੇ ਅਭਾਰਤੀ ਧਰਮਾਂ-ਮੱਤਾਂ ਤੋਂ ਵਖਰਾ ਤੇ ਸ਼ਕਤੀਸ਼ਾਲੀ ਸ ਬਤ ਕੀਤਾ ਹੈ।"

( 4 )

ਗੁਰੂ ਨਾਨਕ-ਪਾਤਿਸ਼ਾਹ ਨੇ ਧਰਤਿ ਲੁਕਾਈ ਨੂੰ ਸੋਧਣ ਵਾਸਤੇ ਭਾਵੇਂ ਨੌਂ ਖੰਡ ਪ੍ਰਿਥਮੀ ਦਾ ਸਫ਼ਰ ਕੀਤਾ ਹੈ, ਪਰ ਇਹ ਉਹਨਾਂ ਦਾ ਦ੍ਰਿੜ੍ਹ ਵਿਸ਼ਵਾਸ ਜਾਪਦਾ ਹੈ, ਕਿ ਕੋਈ ਵੀ ਕੌਮ ਆਪਣੇ 'ਕੇਂਦਰ' ਤੋਂ ਟੁਟ ਕੇ, ਇਕਾਗਰ-ਅਵੱਸਥਾ ਵਿਚ ਸਮਾਧੀ-ਸਥਿਤ ਨਹੀਂ ਹੋ ਸਕਦੀ। ਇਕਾਗਰ-ਅਵੱਸਥਾ ਵਿਚ ਸਮਾਧੀ-ਸਥਿਤ ਹੋਣ ਵਾਸਤੇ ਹੀ ਗੁਰੂ ਨਾਨਕ ਦੇਵ ਜੀ ਨੇ 'ਕਰਤਾਰਪੁਰ' ਵਸਾਇਆ ਸੀ। 'ਕਰਤਾਰਪੁਰ' ਵਾਹਿਗੁਰੂ ਦਾ ਪੁਰਾ ਵੀ ਹੈ। 'ਵਾਹਿਗੁਰੂ' ਇਕਾਗਰ-ਅਵੱਸਥਾ ਵਿਚ ਹੀ ਸਮਾਧੀ-ਸਥਿਤ ਹੁੰਦਾ ਹੈ। ਗੁਰੂ ਨਾਨਕ ਦੇਵ ਜੀ ਦਾ ਕੇਂਦਰ 'ਕਰਤਾਰਪੁਰ' ਸੀ, ਗੁਰੂ ਅੰਗਦ ਦੇਵ ਜੀ ਦਾ ਕੇਂਦਰ 'ਖਡੂਰ ਸਾਹਿਬ' ਸੀ, ਗੁਰੂ ਅਮਰਦਾਸ ਜੀ ਦਾ ਕੇਂਦਰ 'ਗੋਇੰਦਵਾਲ' ਸੀ, ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦਾ ਕੇਂਦਰ 'ਅੰਮ੍ਰਿਤਸਰ' ਸੀ, ਗੁਰੂ ਹਰਿ ਗੋਬਿੰਦ ਜੀ, ਗੁਰੂ ਹਰਿ ਰਾਇ ਜੀ ਤੇ ਗੁਰੂ ਹਰਿ ਕ੍ਰਿਸ਼ਨ ਜੀ ਦਾ ਕੇਂਦਰ 'ਕੀਰਤਪੁਰ ਸਾਹਿਬ' ਸੀ, ਗੁਰੂ ਤੇਗ ਬਹਾਦਰ ਜੀ ਤੇ ਗੁਰੂ ਗੋਬਿੰਦ ਸਿੰਘ ਜੀ ਦਾ ਕੇ ਦਰ 'ਅਨੰਦਪੁਰ ਸਾਹਿਬ' ਸੀ। ਗੁਰੂ-ਜੋਤਿ ਦਾ ਆਦਿ 'ਕਰਤਾਰਪੁਰ' ਸੀ, ਜਿਸ ਵਿਚ ਕਰਤਾ-ਕਰਤਾਰ ਦੀ ਪ੍ਰਧਾਨਤਾ ਸੀ। ਗੁਰੂ-ਜੋਤਿ ਦਾ ਮੱਧ 'ਅੰਮ੍ਰਿਤਸਰ' ਸੀ, ਜਿਸ ਵਿਚ ਅੰਮ੍ਰਿਤ-ਆਚਰਣ ਪ੍ਰਧਾਨ ਸੀ। ਗੁਰੂ-ਜੋਤਿ ਦਾ ਸਿਖਰ 'ਅਨੰਦਪੁਰ' ਸੀ, ਜਿਸ ਵਿਚ ਕੇਵਲ ਸਦਾ ਜਾਗਦੇ ਧਰਮ-ਯੋਧੇ ਹੀ ਵਸਦੇ ਹਨ। ਗੁਰੂ ਨਾਨਕ ਸਾਹਿਬ ਨੇ ਸਰਬ 'ਧਰਮ-ਪੰਥ' ਨੂੰ ਕਰਤਾਰਪੁਰ ਵਿਚ ਕੇਂਦਰਿਤ ਹੋਣ ਵਾਸਤੇ ਪ੍ਰੇਰਿਆ, ਗੁਰੂ ਅਰਜਨ ਦੇਵ ਜੀ ਨੇ ਕਰਤਾਰਪੁਰ ਵਿਚ ਵੱਸਣ ਵਾਲੇ ਜੀਵਾਂ ਨੂੰ 'ਅੰਮ੍ਰਿਤਸਰ' ਨਾਲ ਇਕ ਸੁਰ ਹੋਣ ਵਾਸਤੇ ਟੁੰਬਿਆ। ਇਹ ਕੁਦਰਤੀ ਸੀ, ਕਿ ਜਿਸ ਦਾ ਵਾਸ ਕਰਤਾਪੁਰਖ ਵਿਚ ਹੋ ਗਿਆ, ਉਸ ਦਾ ਹਿਰਦਾ ਅੰਮ੍ਰਿਤ ਸਰ ਨਾਲ ਭਰ ਗਿਆ। ਜੋ ਆਤਮਕ-ਸਰ



Digitized by Panjab Digital Library | www.panjabdigilib.org

ਨਾਲ ਭਰ ਜਾਵੇ, ਉਸ ਦਾ ਕੇਂਦਰ 'ਕੀਰਤਪੁਰ' ਹੋ ਜਾਂਦਾ ਹੈ। 'ਕੀਰਤਪੁਰ' ਦੇ ਕੇਂਦਰ ਵਿਚ ਹਰਿ-ਸਿਫਤ ਸਾਲਾਹ ਦਾ ਹੀ ਸੋਹਿਲਾ ਗਾਇਆ ਜਾਂਦਾ ਹੈ। ਹਰਿ-ਸਿਫਤ ਸਾਲਾਹ ਦਾ ਸੋਹਿਲਾ ਹੀ ਹੈ, ਜਿਹੜਾ ਮਨੁੱਖ ਨੂੰ ਅਨੰਦਪੁਰ ਵਿਚ ਪਹੁੰਚਾਂਦਾ ਹੈ। 'ਅਨੰਦਪੁਰ' ਦਾ ਮੰਡਲ ਹੀ ਸਹੀ ਅਰਥਾਂ ਵਿਚ 'ਹਰਿ-ਮੰਦਰ' ਦਾ ਮੰਡਲ ਹੁੰਦਾ ਹੈ। 'ਹਰਿ-ਮੰਦਰ' ਵਿਚ ਕਰਤਾ-ਕਰਤਾਰ ਦਾ ਵਾਸ ਵੀ ਹੁੰਦਾ ਹੈ, ਅੰਮ੍ਰਿਤਸਰ ਵੀ ਹੁੰਦਾ ਹੈ' ਕੀਰਤ ਦਾ ਸੋਹਿਲਾ ਵੀ ਹੁੰਦਾ ਹੈ, ਅਨੰਦ ਦਾ ਸਹਿਜ ਵਰਤਾਰਾ ਵੀ ਹੁੰਦਾ ਹੈ। ਗੁਰੂ-ਜੋਤਿ ਨੇ 'ਹਰਿ-ਮੰਦਰ' ਦਾ ਜੋ ਸਰੂਪ ਦਿੱਤਾ, ਉਸ ਨਾਲ 'ਸਿੱਖ ਪੰਥ' ਕੇਂਦਰਿਤ ਵੀ ਹੋ ਗਿਆ, ਸੰਗਤਿ ਦਾ ਸੰਕਲਪ ਵੀ ਜਾਗ ਪਿਆ, ਕੀਰਤ-ਸੋਹਿਲਾ ਗਾਉਣ ਦਾ ਨਿਤਨੇਮ ਵੀ ਬਣ ਗਿਆ, ਲੰਗਰ ਤੇ ਸੰਗਤ ਵਿਚ ਬੈਠਣ ਦਾ ਉਤਸ਼ਾਹ ਵੀ ਉਮਡ ਪਿਆ। 'ਹਰਿ-ਮੰਦਰ' ਸਰੂਪ ਨੇ ਸਿੱਖ ਕੌਮ ਨੂੰ 'ਸਮਾਨਤਾ' ਦਾ ਜੀਵਨ ਵੀ ਦਿੱਤਾ।

ਗੁਰੂ-ਜੋਤਿ ਦਾ ਜੀਵਨ 'ਸਮਾਨਤਾ' ਦਾ ਜੀਵਨ ਸੀ। ਸਰਬ ਗੁਰੂ-ਸ਼ਖਸੀਅਤਾਂ ਨੇ ਕਿਸੇ ਤਰ੍ਹਾਂ ਦੀ ਵੀ 'ਅਸਮਾਨਤਾ' ਸਵੀਕਾਰ ਨਹੀਂ ਕੀਤੀ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਅਨੰਦਪੁਰ ਵਿਚ ਪਹੁੰਚੇ ਵਿਅਕਤੀਆਂ ਨੂੰ ਅੰਮ੍ਰਿਤ ਧਾਰੀ ਬਣਾ ਕੇ, 'ਸਮਾਨਤਾ' ਦਾ ਇਕ ਜਗਤ ਪ੍ਰਸਿੱਧ 'ਮੀਲ-ਪੱਥਰ' ਕਾਇਮ ਕੀਤਾ। 'ਅੰਮ੍ਰਿਤ' ਛਕਾਣ ਵੇਲੇ ਉਹਨਾਂ ਨੇ ਕਿਸੇ ਦਾ ਚੱਕਰ-ਚਿਹਨ ਨਹੀਂ ਦੇਖਿਆ, ਕਿਸੇ ਦੀ ਵਰਨ-ਜਾਤਿ ਨਹੀਂ ਪੁੱਛੀ, ਕਿਸੇ ਦਾ ਰੂਪ-ਰੰਗ ਨਹੀਂ ਤੱਕਿਆ, ਕਿਸੇ ਦੇ ਰੇਖ-ਭੇਖ ਨੂੰ ਤਰਜੀਹ ਨਹੀਂ ਦਿਤੀ, ਕਿਸੇ ਨੂੰ ਕਿੱਤੇ, ਪ੍ਰਾਂਤ, ਬੋਲੀ ਤੇ ਸਭਿਆਚਾਰ ਬਾਰੇ ਕੋਈ ਪ੍ਰਸ਼ਨ ਵੀ ਨਹੀਂ ਕੀਤਾ। ਹਾਂ ਇਕ ਗਲ ਜ਼ਰੂਰ ਪੁੱਛੀ ਹੈ, ਕਿ, 'ਕੀ ਤੂੰ ਆਪਣੇ ਪਸ਼ੂ ਬੱਲ ਨੂੰ 'ਝਟਕਾ' ਦੇਣ ਵਾਸਤੇ ਤਿਆਰ ਹੈਂ ਜਾਂ ਨਹੀਂ ? ਜਿਸ ਨੇ 'ਝੱਟਕਾ' ਖਾ ਜਾਣ ਦਾ ਪ੍ਰਣ ਕੀਤਾ, ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਅੰਮ੍ਰਿਤ ਛਕਾ ਕੇ ਇਹ ਸਮਝਾ ਦਿੱਤਾ, ਕਿ ਜਿਸ ਨੇ 'ਅੰਮ੍ਰਿਤ' ਪ੍ਰਾਪਤ ਕਰ ਲਿਆ ਹੈ, ਜਿਸ ਨੇ ਜੀਵਨ-ਕਿਰਿਆ ਨੂੰ ਅੰਮ੍ਰਿਤਮਈ ਬਣਾ ਲਿਆ ਹੈ, ਉਸ ਦਾ ਪਿਤਾ ਇਕ ਹੈ, ਉਸ ਦੀ ਮਾਤਾ ਇਕ ਹੈ, ਉਸ ਦਾ ਪਿੰਡ ਇਕ ਹੈ, ਉਸ ਦਾ ਪਰਿਵਾਰ ਇਕ ਹੈ, ਉਹ ਕਿਸੇ ਤੋਂ ਉੱਚਾ ਨਹੀਂ, ਕਿਸੇ ਤੋਂ ਨੀਵਾਂ ਨਹੀਂ, ਉਸ ਦੀ ਦ੍ਰਿਸ਼ਟ ਸਮਦ੍ਰਿਸ਼ਟ ਬਣ ਗਈ ਹੈ। ਗੁਰੂ ਗੋਬਿੰਦ ਸਿੰਘ ਜੀ ਦਾ ਆਪਣਾ ਜੀਵਨ ਵੀ ਸਮਦ੍ਰਿਸ਼ਟ ਦਾ ਸੀ। ਭਾਵੇਂ ਉਹ ਸਮਾਧੀ-ਸਥਿਤੀ ਵਿਚ ਬੈਠੇ ਹਨ, ਭਾਵੇਂ ਕਵੀ-ਮੰਡਲ ਵਿਚ,ਬ੍ਰਿਾਜਮਾਨ ਹਨ ਭਾਵੇਂ ਯੁਧ-ਖੇਤਰ ਵਿਚ ਲੜ ਰਹੇ ਹਨ, ਤੇ ਭਾਵੇਂ ਤਖਤ ਤੇ ਬੈਠੇ ਪਾਤਿਸ਼ਾਹ ਹਨ, ਉਹਨਾਂ ਦੇ ਦਿਲ-ਦਿਮਾਗ ਵਿਚ ਕਿਸੇ ਤਰ੍ਹਾਂ ਦੀ ਵੀ ਸੰਪਰਦਾਇਕ ਭਾਵਨਾ ਨਹੀਂ ਸੀ। ਉਹਨਾਂ ਨੇ ਕਿਸੇ ਥਾਂ ਵੀ ਮੁਗਲ ਬਾਦਸ਼ਾਹ ਜਾਂ ਉਸ ਦੇ ਕਰਮਚਾਰੀਆਂ ਦੀ ਹਿੰਦੂ-ਦੁਸ਼ਮਨੀ ਜਾਂ ਇਸਲਾਮੀ ਕੱਟੜਤਾ ਦਾ ਚਰਚਾ ਨਹੀਂ ਕੀਤਾ। ਸਭ ਨੂੰ 'ਸਮਾਨਤਾ' ਦੀ ਨਜ਼ਰ ਨਾਲ ਵੇਖਿਆ ਹੈ। ਜੇ ਚਮਕੌਰ ਯੁਧ ਤੋਂ ਪਿਛੋਂ ਗੁਰੂ ਗੋਬਿੰਦ ਸਿੰਘ ਜੀ ਨਾ ਰਾਜੇ, ਨਾ ਸਾਜੇ, ਨਾ ਫੌਜੇ ਤੇ ਨਾ ਫਰਸ਼ ਦੀ ਸਥਿਤੀ ਵਿਚ ਹਨ, ਤਾਂ ਵੀ ਉਹਨਾਂ ਦੀ ਅੰਤਰ-ਆਤਮਾ ਵਿਚ 'ਸਮਾਨਤਾ' ਦਾ ਭਾਵ ਸਥਿਰ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਫਿਟਕਾਰੀਆਂ ਹੋਈਆਂ ਜਾਤਾਂ ਨੂੰ ਖੱਤਰੀ-ਕਰਮ ਤੇ ਖੱਤਰੀ-ਪੱਦ ਦੇ ਕੇ, 'ਖਤਰੀ ਸੁ ਜੋ ਕਰਮਾ ਕਾ ਸੂਰ' ਦੇ ਤੱਥ ਦੀ ਜੋ ਇਤਿਹਾਸਕ ਤੇ ਯਥਾਰਥਕ ਰੂਪ ਵਿਚ



Digitized by Panjab Digital Library | www.panjabdigilib.org

ਵਿਆਖਿਆ ਕੀਤੀ ਹੈ, ਉਸ ਨੇ ਗੁਰੂ ਗੋਬਿੰਦ ਸਿੰਘ ਜੀ ਦੀ ਸਮਾਨਤਾ ਤੇ ਸੂਰਮਗਤੀ ਵਾਲੀ ਸ਼ਖਸੀਅਤ ਨੂੰ ਬੜਾ ਉਚਿਆ ਦਿੱਤਾ ਹੈ। ਜਦੋਂ ਗੁਰੂ ਗੋਬਿੰਦ ਸਿੰਘ ਜੀ ਨੇ 'ਹਰਿ-ਮੰਦਰ' ਸਰੂਪ ਨੂੰ 'ਤਖਤ-ਸਰੂਪ' ਦੇ ਦਿੱਤਾ, ਤਾਂ ਇਕ ਗਲ ਹੋਰ ਸਪਸ਼ਟ ਹੋ ਗਈ ਕਿ ਗੁਰੂ-ਜੋਤਿ ਦਾ 'ਹਰਿ-ਮੰਦਰ' ਸਰੂਪ 'ਤਖਤ-ਸਰੂਪ' ਦੀ ਸਮਰੱਥਾ ਵੀ ਰਖਦਾ ਹੈ। ਹਰਿ-ਮੰਦਰ ਤੇ ਤਖਤ ਵਿਚ ਇਕਸੁਰਤਾ ਪੈਦਾ ਕਰ ਕੇ, ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖ-ਸ਼ਕਤੀ ਨੂੰ ਹੋਰ ਕੇਂਦਰਿਤ ਕਰ ਦਿੱਤਾ।

"ਗੁਰੂ ਗੋਬਿੰਦ ਸਿੰਘ ਜੀ ਨੇ ਜੋ ਸਿੰਘ-ਸ਼ਕਤੀ ਪੰਜਾਬ ਵਿਚ ਕੇਂਦਰਿਤ ਕੀਤੀ ਹੈ, ਉਹੀ 'ਸਿੰਘ-ਸ਼ਕਤੀ' ਸਿੱਖ ਕੌਮ ਨੂੰ ਵਿਸ਼ਵ ਦੀਆਂ ਸ਼ਕਤੀਸ਼ਾਲੀ ਕੌਮਾਂ ਵਿਚੋਂ ਸਿਰਮੌਰ ਬਣਾਂਦੀ ਹੈ। 'ਸਿੰਘ-ਸ਼ਕਤੀ' ਹੀ ਪੰਜਾਬ-ਭਾਰਤ ਨੂੰ ਪਹਿਲਾਂ ਮੁੱਗਲਾਂ ਕੋਲੋਂ ਤੇ ਫਿਰ ਅੰਗਰੇਜ਼ਾਂ ਕੋਲੋਂ ਆਜ਼ਾਦ ਕਰਵਾਂਦੀ ਹੈ। ਮੁਗਲਾਂ ਨੇ ਤਾਂ ਪੰਜਾਬ-ਭਾਰਤੀ ਜੀਵਨ ਨੂੰ ਬਹੁਤ ਹੱਦ ਤਕ ਅਪਮਾਣਤ ਕਰ ਦਿੱਤਾ ਸੀ। ਪਰ ਗੁਰੂ ਗੋਬਿੰਦ ਸਿੰਘ ਜੀ ਨੇ ਮਨੁਖ ਦੇ ਆਤਮ-ਬੋਧ ਵਿਚੋਂ ਸ਼ਕਤੀ ਦਾ ਉਹ ਪ੍ਰਚੰਡ ਰੂਪ ਪੈਦਾ ਕੀਤਾ, ਜਿਸ ਨਾਲ ਹਰ ਪੰਜਾਬ-ਭਾਰਤੀ ਮਨੁੱਖ ਪਤਿ ਸੇਤੀ ਜੀਉਣ ਵਿਚ ਗੌਰਵ ਮਹਿਸੂਸ ਕਰਨ ਲਗ ਪਿਆ। ਪੰਜਾਬ-ਭਾਰਤ ਦੇ ਇਤਿਹਾਸ ਨੂੰ ਗੌਰਵਮੁਖੀ ਬਣਾਨ ਵਿਚ ਗੁਰੂ ਗੋਬਿੰਦ ਸਿੰਘ ਜੀ ਦੀ ਸਿੰਘ-ਸ਼ਕਤੀ ਦਾ ਚਮਤਕਾਰੀ ਹਿੱਸਾ ਹੈ।

( 5 )

ਗੁਰੂ ਨਾਨਕ ਦੇਵ ਜੀ ਨੇ ਜੀਂਵਦਿਆਂ ਹੀ 'ਗੁਰੂ-ਗੱਦੀ' ਆਪਣੇ ਪੁੱਤਰਾਂ ਨੂੰ ਦੇਣ ਦੀ ਥਾਂ ਭਾਈ ਲਹਿਣਾ ਜੀ ਨੂੰ ਦੇ ਕੇ ਗੱਦੀ-ਪ੍ਰੰਪਰਾ ਦੇ ਇਤਿਹਾਸ ਵਿਚ ਇਕ ਹੋਰ ਨਵੀਂ ਕਰਾਮਾਤ ਕੀਤੀ ਹੈ। ਗੁਰੂ-ਗੱਦੀ ਦਾ ਵਾਰਿਸ ਚੁਣਨ ਵਾਸਤੇ ਉਹਨਾਂ ਨੇ ਸੇਵਾ, ਸਿਮਰਨ, ਤਿਆਗ ਤੇ ਕੁਰਬਾਨੀ ਦਾ ਇਕ ਮਾਪ-ਗਜ਼ ਬਣਾਇਆ। ਜਿਹੜਾ ਇਸ ਮਾਪ-ਗਜ਼ ਅਨੁਸਾਰ ਪਰਵਾਨ ਹੋ ਜਾਂਦਾ ਸੀ, ਉਸ ਨੂੰ ਗੁਰੂ-ਗੱਦੀ ਬਖਸ਼ ਦਿਤੀ ਜਾਂਦੀ ਸੀ। ਭਾਵੇਂ ਉਹ ਘਰ ਵਿਚੋਂ ਹੋਵੇ ਜਾਂ ਬਾਹਰੋਂ ਹੋਵੇ, ਉਮਰ ਛੋਟੀ ਹੋਵੇ ਜਾਂ ਵੱਡੀ ਹੋਵੇ। ਗੁਰੂ-ਗੱਦੀ ਦੇਣ ਵੇਲੇ ਵਿਰਾਸਤ ਦੇ ਅਧਿਕਾਰ ਨੂੰ ਕਿਸੇ ਤਰ੍ਹਾਂ ਵੀ ਪਹਿਲ ਨਹੀਂ ਸੀ ਦਿਤੀ ਜਾਂਦੀ। ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ-ਗੱਦੀ ਦੀ ਪਰਖ-ਚੋਣ ਕੁਝ ਇਸੇ ਤਰ੍ਹਾਂ ਹੁੰਦੀ ਰਹੀ।

ਗੁਰੂ-ਗੱਦੀ ਦਾ ਵਾਰਿਸ ਬਣਨ ਵਾਲੀ ਹਸਤੀ ਨੂੰ ਜਿੱਥੇ ਗੁਰੂ-ਜੋਤਿ ਤੇ ਹੋਰ ਅਨੇਕਾਂ ਬਖਸ਼ਿਸ਼ਾਂ ਦਿਤੀਆਂ ਜਾਂਦੀਆਂ ਸਨ, ਉਥੇ 'ਬਾਨੀ ਦਾ ਸੰਗ੍ਰਹਿ' ਵੀ ਦਿੱਤਾ ਜਾਂਦਾ ਸੀ। ਗੁਰੂ ਨਾਨਕ ਸਾਹਿਬ ਨੇ ਆਪਣੀ ਸਾਰੀ ਬਾਣੀ ਸੰਗ੍ਰਹਿ ਕਰ ਕੇ ਗੁਰੂ ਅੰਗਦ-ਪਾਤਿਸ਼ਾਹ ਨੂੰ ਦਿਤੀ ਸੀ। ਗੁਰੂ ਅੰਗਦ-ਪਾਤਿਸ਼ਾਹ ਨੇ ਆਪਣੀ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਗੁਰੂ ਅਮਰ ਦਾਸ ਜੀ ਨੂੰ ਦਿਤੀ। ਗੁਰੂ ਅਮਰ ਦਾਸ ਜੀ ਨੇ ਆਪਣੀ ਤੇ ਪਹਿਲੇ ਦੋਹਾਂ ਗੁਰੂਆਂ ਦੀ ਬਾਣੀ ਗੁਰੂ ਰਾਮ ਦਾਸ ਜੀ ਨੂੰ ਦਿਤੀ। ਤੇ ਗੁਰੂ ਰਾਮ ਦਾਸ ਜੀ ਨੇ ਆਪਣੀ ਤੇ ਪਹਿਲੇ ਤਿੰਨਾਂ ਗੁਰੂਆਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਨੂੰ ਦੇ ਦਿਤੀ। ਪਹਿਲੇ ਚੌਹਾਂ ਗੁਰੂਆਂ ਦੀ ਬਾਣੀ ਇਸ ਤਰ੍ਹਾਂ ਪ੍ਰਮਾਣਿਕ ਰੂਪ ਵਿਚ ਗੁਰੂ ਅਰਜਨ ਦੇਵ ਜੀ ਕੋਲ ਆ ਗਈ। ਭੱਟਾਂ ਤੇ ਸੱਤਾ



Digitized by Panjab Digital Library | www.panjabdigilib.org

ਬਲਵੰਡ ਦੀ ਬਾਣੀ ਚੂੰਕਿ ਉਹਨਾਂ ਦੇ ਸਮੇਂ ਵਿਚ ਰਚੀ ਗਈ ਸੀ, ਸੋ ਉਹ ਵੀ ਉਹਨਾਂ ਨੂੰ ਪ੍ਰਮਾਣਿਕ ਰੂਪ ਵਿਚ ਹੀ ਮਿਲ ਗਈ। ਭਗਤਾਂ ਦੀ ਬਾਣੀ ਵੀ ਜਿਸ ਗੁਰੂ-ਸ਼ਖਸੀਅਤ ਨੂੰ ਪ੍ਰਾਪਤ ਹੋਈ, ਉਹਨਾਂ ਨੇ ਆਪਣੇ ਆਤਮਕ-ਮਾਪ ਗਜ਼ ਅਨੁਸਾਰ ਪਰਖ ਕੇ, ਕੁਝ ਟਿਪਣੀ ਸਹਿਤ, ਗੁਰੂ ਬਾਣੀ ਦੇ ਨਾਲ ਨਾਲ ਗੁਰੂ ਅਰਜਨ ਦੇਵ ਜੀ ਨੂੰ ਪਹੁੰਚਾ ਦਿਤੀ। ਇਹ ਇਤਿਹਾਸਕ ਸੱਚ ਹੈ, ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ 15 ਭਗਤਾਂ ਦੀ ਬਾਣੀ ਗੁਰੂ ਅਰਜਨ ਦੇਵ ਜੀ ਕੋਲ ਪ੍ਰਮਾਣਿਕ ਰੂਪ ਵਿਚ ਹੀ ਪਹੁੰਚੀ ਸੀ। ਗੁਰੂ ਅਰਜਨ ਦੇਵ ਜੀ ਨੇ ਗੁਰੂ, ਭਗਤਾਂ ਤੇ ਭੱਟਾਂ ਦੀ ਬਾਣੀ ਨੂੰ ਇਕੋ ਧਰਮ-ਗ੍ਰੰਥ ਵਿਚ ਸੰਕਲਣ ਤੇ ਸੰਪਾਦਨ ਕਰ ਕੇ, ਸੰਸਾਰ ਦੇ ਲੋਕਾਂ ਨੂੰ, ਜੋ ਸਰਬ ਸਾਂਝੇ ਧਰਮ-ਗ੍ਰੰਥ ਦੀ ਅਦੁਤੀ ਦੇਣ ਦਿਤੀ, ਉਸ ਨੇ 'ਸਭੇ ਸਾਂਝੀਵਾਲ ਸਦਾਇਨ' ਦੀ ਕਲਪਣਾ ਨੂੰ ਅਮਲੀ ਰੂਪ ਵਿਚ ਪ੍ਰਗਟ ਕਰ ਦਿੱਤਾ। ਗੁਰੂ ਅਰਜਨ ਪਾਤਿਸ਼ਾਹ ਨੇ ਇਸ 'ਪੋਥੀ-ਪ੍ਰਮੇਸ਼ਰ' ਦਾ ਆਪਣੀ ਹੋਂਦ ਵਿਚ ਹੀ ਸ੍ਰੀ ਹਰਿ-ਮੰਦਰ ਸਾਹਿਬ ਵਿਚ ਪ੍ਰਕਾਸ਼ ਤਾਂ ਕਰ ਦਿੱਤਾ, ਤੇ ਆਪਣੇ ਆਪ ਨੂੰ ਪੋਥੀ-ਪ੍ਰਮੇਸ਼ਰ ਦੀ ਤਾਬਿਆ ਵਿਚ ਵੀ ਕਰ ਲਿਆ। ਗੁਰੂ ਹਰਿ ਗੋਬਿੰਦ ਜੀ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਤਕ ਵੀ ਸਾਰੀਆਂ 'ਗੁਰੂ-ਸ਼ਖਸੀਅਤਾਂ' ਨੇ 'ਗੁਰੂ' ਹੁੰਦਿਆਂ ਵੀ ਆਪਣੇ ਆਪ ਨੂੰ ਪੋਥੀ-ਪ੍ਰਮੇਸ਼ਰ ਦੀ ਤਾਬਿਆ ਵਿਚ ਰਖਿਆ। ਗੁਰੂ ਗੋਬਿੰਦ ਸਿੰਘ ਜੀ ਨੇ ਜੀਂਵੰਦਿਆਂ ਹੀ ਇਸ ਪੋਥੀ-ਪ੍ਰਮੇਸ਼ਰ ਵਿਚ 'ਨਾਨਕ-ਜੋਤਿ' ਨੂੰ ਵਿਲੀਨ ਕਰ ਕੇ, ਇਸ ਨੂੰ ਗੁਰੂ-ਪੱਦ ਵੀ ਪ੍ਰਦਾਨ ਕਰ ਦਿੱਤਾ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਦੇਹ ਵਿਚ ਗੁਰੂ-ਜੋਤਿ ਦੀ ਪ੍ਰਵੇਸ਼ਕਾ ਦੀ ਪ੍ਰੰਪਰਾ ਨੂੰ ਸਮਾਪਤ ਕਰ ਕੇ 'ਬਾਣੀ' ਵਿਚ ਪ੍ਰਵੇਸ਼ ਕਰ ਲਿਆ। 'ਬਾਣੀ' ਭਾਵੇਂ ਗੁਰੂ-ਜੋਤਿ ਦੀ ਸੀ, ਭਗਤਾਂ ਜਾਂ ਭੱਟਾਂ ਦੀ ਸੀ, ਸਭ ਨੂੰ ਹੀ ਗੁਰੂ-ਜੋਤਿ ਦਾ ਪ੍ਰਕਾਸ਼ ਸਵੀਕਾਰ ਕਰ ਕੇ, ਉਹਨਾਂ ਨੇ ਸਰਬ ਬਾਣੀ ਨੂੰ 'ਗੁਰੂ' ਪੱਦਵੀ ਦੇ ਕੇ ਸਾਬਤ ਕਰ ਦਿੱਤਾ, ਕਿ ਗੁਰੂ ਨਾਨਕ ਤੇ ਗੁਰੂ ਗੋਬਿੰਦ ਸਿੰਘ ਜੀ ਨੇ 'ਧਰਮ-ਪੰਥ' ਦਾ ਜੋ ਸੰਕਲਪ ਦਿੱਤਾ ਹੈ, ਉਸ ਅਨੁਸਾਰ ਜਿਹੜੇ ਵੀ ਧਰਮ-ਪੰਥ ਆਪਣਾ ਆਪਣਾ ਕਾਰਜ ਕਰ ਰਹੇ ਹਨ, ਗੁਰੂ-ਜੋਤਿ ਉਹਨਾਂ ਦਾ ਸਤਿਕਾਰ ਕਰਦੀ ਹੈ। ਉਹਨਾਂ ਨੂੰ ਆਪਣੇ ਹਮ-ਬਰਾਬਰ ਸਮਝਣ ਵਿਚ ਗੌਰਵ ਮਹਿਸੂਸ ਕਰਦੀ ਹੈ। ਪਹਿਲੀ ਵਾਰੀ ਗੁਰੂ ਅਰਜਨ ਦੇਵ ਜੀ ਨੇ ਇਸ ਸਾਂਝੇ ਧਰਮ-ਗ੍ਰੰਥ ਦੀ ਸੰਪਾਦਨਾ ਕੀਤੀ ਸੀ, ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ ਸੰਪੂਰਣਤਾ ਬਖਸ਼ ਕੇ, ਸੰਸਾਰ ਦੇ ਲੋਕਾਂ ਨੂੰ ਇਕ ਅਜਿਹਾ 'ਸ੍ਰੀ ਗੁਰੂ ਗ੍ਰੰਥ ਸਾਹਿਬ' ਦਿੱਤਾ, ਜਿਸ ਨੇ ਗੁਰੂ-ਜੋਤਿ ਦੀ ਅਧਿਆਤਮਿਕ-ਉਚਿਆਈ ਨੂੰ ਵੀ ਪੇਸ਼ ਕੀਤਾ, ਉਹਨਾਂ ਦੀ ਡੂੰਘਾਈ ਤੇ ਵਿਸ਼ਾਲਤਾ ਨੂੰ ਵੀ ਪ੍ਰਗਟ ਕੀਤਾ।

"ਡਾ: ਗੋਕਲ ਚੰਦ ਨਾਰੰਗ ਗੁਰੂ ਗੋਬਿੰਦ ਸਿੰਘ ਜੀ ਦੀ ਸਿਖਿਆ ਤੇ ਕਾਰਜ ਨੂੰ ਪਹਿਲੇ ਨੌਂ ਗੁਰੂਆਂ ਤੋਂ ਬਹੁਤ ਵਖਰਾ ਸਮਝਦਾ ਹੈ। ਉਹ ਆਖਦਾ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਕਿਸੇ ਮਨੁੱਖ ਨੂੰ ਆਪਣਾ ਜਾ-ਨਸ਼ੀਨ ਸਥਾਪਿਤ ਨਹੀਂ ਕੀਤਾ। ਆਪਣੀ ਕਵਿਤਾ ਵਿਚ 'ਨਾਨਕ' ਮੁੱਦ੍ਰਾ ਨਹੀਂ ਵਰਤੀ, ਆਪਣੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ਕੀਤਾ। ਇਸ ਤੋਂ ਸਪਸ਼ਟ ਜਾਪਦਾ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਗੁਰੂ ਨਾਨਕ ਤੋਂ ਆਪਣੇ ਆਪ ਨੂੰ ਵਖਰਾ ਰਖਿਆ ਹੈ। ਇਹਨਾਂ ਵਿਚਾਰਾਂ ਦੇ ਆਧਾਰ ਉਤੇ ਹੀ ਕਈ ਇਤਿਹਾਸਕਾਰਾਂ ਨੇ ਲਿਖਿਆ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਉਹ



Digitized by Panjab Digital Library | www.panjabdigilib.org

ਆਤਮਕ-ਸੱਤਾ ਖਤਮ ਕਰ ਦਿਤੀ, ਜਿਸ ਦਾ ਮੁੱਢ ਗੁਰੂ ਨਾਨਕ ਦੇਵ ਜੀ ਨੇ ਬੰਨਿਆਂ ਸੀ। ਪ੍ਰਸਿੱਧ ਵਿਦਿਵਾਨ ਸ੍ਰ: ਕਪੂਰ ਸਿੰਘ ਜੀ ਨੇ ਇਹਨਾਂ ਪ੍ਰਸ਼ਨਾਂ ਦੇ ਉੱਤਰ ਬੜੀ ਸਾਰਥਿਕਤਾ ਨਾਲ ਦਿਤੇ ਹਨ ਤੇ ਸਪਸ਼ਟ ਕੀਤਾ ਹੈ, ਕਿ ਡਾ: ਨਾਰੰਗ ਤੇ ਬਹੁਤੇ ਇਤਿਹਾਸਕਾਰ ਇਸ ਤੱਥ ਨੂੰ ਸਮਝਣ ਤੋਂ ਅਸਮਰੱਥ ਰਹੇ ਹਨ। ਉਹ ਆਖਦੇ ਹਨ, "ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਆਪ ਵਿਚ ਪੂਰਨ ਵਿਸ਼ਵਾਸ ਸੀ, ਕਿ ਜੋ ਕੁਝ ਉਹ ਸਿਖਿਆ ਦੇ ਰਹੇ ਹਨ, ਜੋ ਕਾਰਜ ਕਰ ਰਹੇ ਹਨ, ਉਹ ਆਤਮਕ ਹੀ ਹੈ, ਤੇ ਪਹਿਲੇ ਨੌਂ ਗੁਰੂਆਂ ਨਾਲ ਹੀ ਮਿਲਦਾ ਜੁਲਦਾ ਹੈ। ਉਨ੍ਹਾਂ ਆਪਣਾ ਜਾ-ਨਸ਼ੀਨ ਕਿਸੇ ਮਨੁਖ ਨੂੰ ਇਸ ਲਈ ਨਹੀਂ ਚੁਣਿਆਂ, ਕਿਉਂਕਿ ਹਿੰਦੂ ਗਣਿਤ ਅਨੁਸਾਰ 10 ਅਖੀਰਲਾ ਨੰਬਰ ਹੈ। ਗੁਰੂ-ਜੋਤਿ ਦਸਵੇਂ ਆਕਾਰ ਵਿਚ ਪਹੁੰਚ ਕੇ ਸੰਪੂਰਣ ਹੋ ਗਈ ਹੈ। ਇਸ ਲਈ ਅਗੋਂ ਕਿਸੇ ਮਨੁਖ ਨੂੰ ਜਾ-ਨਸ਼ੀਨ ਚੁਣਨ ਦੀ ਲੋੜ ਨਹੀਂ ਸੀ। ਭਾਵੇਂ 10 ਨੰਬਰ ਆਪਣੇ ਆਪ ਵਿਚ ਅਸਲ ਨੰਬਰ ਨਹੀਂ, ਇਹ ਤਾਂ ਪਹਿਲੇ 1 ਨੰਬਰ ਤੋਂ ਹੀ ਬਣਿਆਂ ਹੈ, ਜਿਸ ਨਾਲ ਜ਼ੀਰੋ (ਸੁਨਯ) ਲਗਾ ਦਿਤੀ ਗਈ ਹੈ। ਅਸਲ ਨੰਬਰ ਤਾਂ 9 ਤੇ ਹੀ ਖਤਮ ਹੋ ਜਾਂਦੇ ਹਨ। ਹਿੰਦੂ ਗਣਿਤ ਦੇ ਰਹੱਸਵਾਦ ਅਨੁਸਾਰ ਗੁਰੂ ਗੋਬਿੰਦ ਸਿੰਘ ਜੀ 'ਦੱਸਵਾਂ ਨਾਨਕ' ਹੁੰਦੇ ਹੋਏ ਵੀ ਆਪਣਾ 'ਨਾਨਕ-ਅਧਿਕਾਰ' ਨਹੀਂ ਜਮਾਉਂਦੇ। ਉਹ ਦੱਸਵੀਂ ਗੁਰੂ-ਜੋਤਿ ਹਨ, ਪਰ ਜ਼ੀਰੋ ਨੂੰ ਪੂਰਾ ਕਰਨ ਵਾਲੇ, ਜਿਸ ਦਾ ਆਪਣੇ ਆਪ ਵਿਚ ਕੋਈ ਮੁਲ ਨਹੀਂ। ਪਰ ਜਦੋਂ ਜ਼ੀਰੋ ਏਕੇ ਨਾਲ ਮਿਲ ਜਾਏ, ਤਾਂ ਗਣਿਤ ਦੀ ਲੜੀ ਪੂਰੀ ਹੋ ਜਾਂਦੀ ਹੈ। ਇਹੀ ਕਾਰਨ ਹੈ, ਕਿ ਗੁਰੂ ਗੋਬਿੰਦ ਸਿੰਘ ਜੀ ਨੇ ਨਾ ਤਾਂ 'ਨਾਨਕ' ਮੁੱਦ੍ਰਾ ਦੀ ਵਰਤੋਂ ਕੀਤੀ ਹੈ, ਅਤੇ ਨਾ ਹੀ ਆਪਣੀ ਬਾਣੀ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਕੀਤਾ ਹੈ। ਹਾਂ ਗੁਰੂ ਨਾਨਕ ਦੇਵ ਜੀ ਦੀ ਸਿਖਿਆ ਤੇ ਕਾਰਜ ਨੂੰ ਸੰਪੂਰਣ ਤੌਰ ਤੇ ਮਨੁਖ ਜੀਵਨ ਦੀ ਕਿਰਿਆ ਵਿਚ ਲਾਗੂ ਕਰਨ ਵਾਸਤੇ ਜੋ ਕਮਾਲ ਗੁਰੂ ਗੋਦਿੰਦ ਸਿੰਘ ਜੀ ਨੇ ਦਿਖਾਇਆ ਹੈ, ਉਹ ਉਹਨਾਂ ਦੇ ਜਮਾਲ ਪੱਖ ਦਾ ਉੱਘਾ ਉਦਾਹਰਣ ਹੈ।"

( 6 )

ਗੁਰੂ ਨਾਨਕ ਦੇਵ ਜੀ ਨੇ ਜੀਵਨ ਜੀਉਣ ਦੀ ਜਿਹੜੀ ਕਿਰਿਆ ਪੰਜਾਬ-ਭਾਰਤ ਦੇ ਲੋਕਾਂ ਨੂੰ ਸਮਝਾਈ, ਉਸ ਵਿਚ ਸਾਹਸ ਤੇ ਸ਼ਹਾਦਤ ਦਾ ਅਨੋਖਾ ਜਜ਼ਬਾ ਵੀ ਸੀ। ਗੁਰੂ ਨਾਨਕ ਦੇਵ ਜੀ ਨੇ ਭਰਮ ਤੇ ਭਉ ਨੂੰ ਮਨ ਦਾ ਸ਼ੋਰ ਕਹਿ ਕੇ ਤ੍ਰਿਸਕਾਰਿਆ ਤੇ ਸਬਰ ਤੇ ਸਿਦਕ ਨੂੰ ਦੈਵੀ ਕੀਮਤਾਂ ਮੰਨ ਕੇ, ਸਵੀਕਾਰ ਕੀਤਾ। ਸਬਰ ਤੇ ਸਿਦਕ ਮਨੁਖ ਨੂੰ ਸਾਹਸ ਬਖਸ਼ਦਾ ਹੈ। ਭਰਮ ਤੇ ਭਉ ਦੀ ਸੁਤੰਤਰਤਾ ਮਨੁਖ ਨੂੰ ਸੱਚ, ਨਿਆਂ ਤੇ ਆਜ਼ਾਦੀ ਦੀ ਸ਼ਹਾਦਤ (ਜ਼ਮਾਨਤ) ਵਾਸਤੇ ਉਤਸ਼ਾਹ ਪ੍ਰਦਾਨ ਕਰਦੀ ਹੈ। ਗੁਰੂ-ਜੋਤਿ ਦਾ ਸਾਰਾ ਅਧਿਆਤਮਿਕ ਜੀਵਨ ਸਬਰ ਤੇ ਸਿਦਕ ਉਤੇ ਆਧਾਰਤ ਹੈ, ਸਮਾਜਕ ਤੇ ਰਾਜਨੀਤਕ ਜੀਵਨ ਸੱਚ, ਨਿਆਂ ਤੇ ਆਜ਼ਾਦੀ ਦੀ ਸੁਰਖਿਆ ਵਾਸਤੇ ਕੀਤੇ ਸੰਘਰਸ਼ ਦਾ ਹੀ ਪ੍ਰਗਟਾਵਾ ਹੈ। ਜਿਸ ਕੋਲ ਸਬਰ ਤੇ ਸਿਦਕ ਹੈ, ਜਿਹੜਾ ਭਰਮ ਤੇ ਭਉ ਤੋਂ ਮੁਕਤ ਹੈ, ਉਹ ਸਾਹਸ ਵਾਲਾ ਵੀ ਹੈ ਤੇ ਸ਼ਹਾਦਤ ਦੇਣ ਦੇ ਯੋਗ ਵੀ ਹੈ। ਗੁਰੂਆਂ ਦਾ ਸਾਰਾ ਜੀਵਨ-ਕਾਰਜ ਸ਼ਹਾਦਤ ਹੈ-ਭਾਰਤੀਆਂ ਦੇ ਅਪਮਾਣਤ ਜੀਵਨ ਵਿਚ ਸ੍ਵੈ-ਮਾਣ ਤੇ ਸੁਤੰਤਰਤਾ ਦਾ ਜਜ਼ਬਾ ਭਰਨ ਦਾ। ਗੁਰੂ ਅਰਜਨ ਦੇਵ ਤੇ ਗੁਰੂ ਤੇਗ



Digitized by Panjab Digital Library | www.panjabdigilib.org

ਬਹਾਦਰ ਜੀ ਦੀਆਂ ਸ਼ਹਾਦਤਾਂ ਨੇ ਤਾਂ ਸਾਰੇ ਹਿੰਦੁਸਤਾਨ ਨੂੰ ਜਗਾ ਦਿੱਤਾ, ਕਿ 'ਗੁਰੂ-ਜੋਤਿ' ਆਪਣੇ ਧਰਮ-ਪੰਥ, ਧਰਮ-ਮੰਦਰ, ਤੇ ਧਰਮ-ਗ੍ਰੰਥ ਦੀ ਪਾਵਨ ਸੁਰਖਿਆ ਵਾਸਤੇ ਵੀ ਸ਼ਹਾਦਤ ਦੇ ਸਕਦੀ ਹੈ, ਤੇ ਉਹਨਾਂ ਧਰਮ-ਪੰਥਾਂ, ਧਰਮ-ਮੰਦਰਾਂ ਤੇ ਧਰਮ-ਗ੍ਰੰਥਾਂ ਵਾਸਤੇ ਵੀ, ਜਿਨ੍ਹਾਂ ਵਿਚ ਉਹਨਾਂ ਦਾ ਬੁਨਿਆਦੀ ਤੌਰ ਤੇ ਵਿਸ਼ਵਾਸ ਨਹੀਂ। ਗਿਰਾਵਟ ਤੇ ਜ਼ੁਲਮ ਜਿੱਥੇ ਵੀ ਹੈ, ਉਸ ਨੂੰ ਖਤਮ ਕਰਨ ਵਾਸਤੇ ਗੁਰੂਆਂ ਸਦਾ ਸ਼ਹਾਦਤ ਦਿਤੀ ਹੈ। ਗੁਰੂ ਗੋਬਿੰਦ ਸਿੰਘ ਜੀ ਨੇ ਤਾਂ ਆਪਣਾ ਸਾਰਾ ਬੰਸ ਭਾਰਤੀ ਗਿਰਾਵਟ ਤੇ ਗੁਲਾਮੀ ਦੇ ਜ਼ੁਲਮ ਨੂੰ ਮੁਕਾਣ ਵਾਸਤੇ ਸ਼ਹਾਦਤ ਦੀ ਯੱਗ ਵੇਦੀ ਤੇ ਚੜ੍ਹਾ ਦਿੱਤਾ,। ਇਸ ਤੋਂ ਵੱਡਾ 'ਸ਼ਹੀਦ' ਕੌਣ ਹੋ ਸਕਦਾ ਹੈ ? ਸੰਸਾਰ ਦਾ ਕੋਈ ਸ਼ਹੀਦ ਅਜਿਹਾ ਨਹੀਂ, ਜਿਸ ਨੇ ਆਪਣੇ ਪਿਆਰੇ ਪਿਤਾ ਤੇ ਆਪਣੇ ਅਤਿ ਲਾਡਲੇ ਸਪੁੱਤਰਾਂ ਨੂੰ ਧਰਮ ਦੀ ਆਜ਼ਾਦੀ ਦੀਆਂ ਨੀਹਾਂ ਵਿਚ ਚਿਣਵਾਇਆ ਹੋਵੇ। ਜਿਸ ਦਾ ਪੜਦਾਦਾ ਸ਼ਹੀਦ, ਜਿਸ ਦਾ ਪਿਤਾ ਸ਼ਹੀਦ, ਜਿਸ ਦੇ ਪੁੱਤਰ ਸ਼ਹੀਦ ਉਹ ਆਪ ਕਿੰਨਾ ਮਹਾਨ ਸ਼ਹੀਦ ਹੋਵੇ ਗਾ, ਇਹ ਮਨੁੱਖ ਦੇ ਕਿਆਸ ਤੋਂ ਬਾਹਰ ਦੀ ਘਟਨਾ ਹੈ।

"ਗੁਰੂ ਗੋਬਿੰਦ ਸਿੰਘ ਜੀ ਦੇ ਸਾਹਸ ਤੇ ਸ਼ਹਾਦਤ ਨੇ ਜੋ ਸੱਚਾ ਤੇ ਸੁੱਚਾ, ਭੈ ਤੇ ਮੌਤ-ਮੁਕਤ ਜਜ਼ਬਾ ਪੰਜਾਬ-ਭਾਰਤ ਦੇ ਲੋਕਾਂ ਨੂੰ ਦਿਤਾ ਹੈ, ਉਸ ਨਾਲ ਸਾਰੇ ਭਾਰਤਵਾਸੀ ਤੇ ਵਿਸ਼ੇਸ਼ ਤੌਰ ਤੇ ਪੰਜਾਬ-ਵਾਸੀ ਸੰਤ-ਸਚਿਆਰ ਦਾ ਜੀਵਨ ਜੀਉਣ ਲਗ ਪਏ, ਗਿਰਾਵਟ ਤੇ ਗੁਲਾਮੀ ਤੋਂ ਬੇ-ਮੁਹਤਾਜ ਹੋ ਗਏ, ਤਾਣ, ਮਾਣ ਤੇ ਦੀਬਾਣੁ ਵਾਲੇ ਹੋ ਗਏ, ਓਟ ਤੇ ਆਸਰੇ ਦੇ ਵਿਸ਼ਵਾਸ ਵਿਚ ਵਿਚਰਣ ਲਗ ਪਏ। ਗੁਰੂ ਗੋਬਿੰਦ ਸਿੰਘ ਜੀ ਦੀ ਸਾਹਸ ਤੇ ਸ਼ਹਾਦਤ ਵਾਲੀ ਜੀਵਨ-ਘਾਲਣਾ ਦਾ ਵੱਡਾ ਫਲ ਇਹ ਹੋਇਆ, ਕਿ ਪੰਜਾਬ-ਭਾਰਤੀ ਜੀਵਨ ਤੇ ਜੀਵਨ ਦੇ ਬੁਨਿਆਦੀ ਵਿਸ਼ਵਾਸ ਬਿਲਕੁਲ ਬਦਲ ਗਏ।"

## ( 7 )

ਸਿੱਖ ਲਹਿਰ ਦਾ ਮੁੱਢ ਜੇ ਗੁਰੂ ਨਾਨਕ-ਪਾਤਿਸ਼ਾਹ ਹਨ, ਤਾਂ ਗੁਰੂ ਗੋਬਿੰਦ ਸਿੰਘ ਜੀ ਇਸ ਲਹਿਰ ਦੇ ਸਿਖਰ ਹਨ। (ਸਿੱਖ ਲਹਿਰ ਅੰਤ-ਹੀਣ ਹੈ)। ਜੇ ਗੁਰੂ ਨਾਨਕ ਸਾਹਿਬ ਕਰਤਾਰਪੁਰ ਦੇ ਵਾਸੀ ਹਨ ਤਾਂ ਗੁਰੂ ਗੋਬਿੰਦ ਸਿੰਘ ਜੀ ਅਨੰਦਪੁਰ ਦੇ ਵਾਸੀ ਹਨ। 'ਕਰਤਾਰ-ਪੁਰ' ਵਿਚ ਵਾਸ ਕਰਨ ਵਾਲੇ ਦਾ ਸਿਖਰ ਅਨੰਦਪੁਰ ਵਿਚੋਂ ਹੀ ਉਜਾਗਰ ਹੁੰਦਾ ਹੈ। ਜਿਸ ਨੂੰ ਗੁਰੂ ਨਾਨਕ ਦੇਵ ਜੀ ਨੇ 'ਸਿੱਖ' ਬਣਾਇਆ, ਗੁਰੂ ਗੋਬਿੰਦ ਸਿੰਘ ਜੀ ਨੇ ਉਸ ਨੂੰ 'ਸਿੰਘ' ਵਿਚ ਬਦਲ ਦਿੱਤਾ। 'ਸਿੱਖ' ਦਾ ਸਿਖਰ 'ਸਿੰਘ-ਪੱਦ' ਦੀ ਪ੍ਰਾਪਤੀ ਨਾਲ ਹੀ ਪ੍ਰਗਟ ਹੁੰਦਾ ਹੈ। ਜਿਸ ਗੁਰੂ-ਜੋਤਿ ਵਾਸਤੇ ਗੁਰੂ ਨਾਨਕ-ਸ਼ਾਇਰ ਨੇ 'ਮਹਲਾ' ਸ਼ਬਦ ਵਰਤਿਆ, ਗੁਰੂ ਗੋਬਿੰਦ ਸਿੰਘ ਜੀ ਨੇ ਉਸ 'ਮਹਲਾ' ਨੂੰ ਪਾਤਿਸ਼ਾਹੀ ਦਾ ਰੂਪ ਦੇ ਦਿੱਤਾ। ਗੁਰੂ ਨਾਨਕ ਦੇਵ ਜੀ 'ਸੰਗਤਿ' ਵਿਚ ਹਰਿ-ਪ੍ਰਭ ਦਾ ਵਾਸ ਸਵੀਕਾਰ ਕਰਦੇ ਹਨ, ਪਰ ਗੁਰੂ ਗੋਬਿੰਦ ਸਿੰਘ ਜੀ ਜੀ 'ਖਾਲਸਾ' ਵਿਚ ਅਕਾਲ ਪੁਰਖ ਦਾ ਵਾਸ ਮੰਨਦੇ ਹਨ। ਸੰਗਤਿ ਦਾ ਹੀ ਵਿਕਾਸ-ਸਿਖਰ 'ਖਾਲਸਾ' ਹੈ। ਜਿਸ ਪਾਵਨ ਤੇ ਪਵਿੱਤਰ ਸਥਾਨ-ਅਵੱਸਥਾ ਨੂੰ ਗੁਰੂ ਨਾਨਕ-ਪਾਤਿਸ਼ਾਹ 'ਹਰਿ-ਮੰਦਰ' ਆਖਦੇ ਹਨ, ਗੁਰੂ ਗੋਬਿੰਦ ਸਿੰਘ ਜੀ ਉਸ ਨੂੰ 'ਤਖਤ' ਰੂਪ ਵਿਚ ਰੂਪਮਾਨ



Digitized by Panjab Digital Library | www.panjabdigilib.org

ਕਰ ਦਿੰਦੇ ਹਨ। ਜੇ ਗੁਰੂ ਨਾਨਕ ਦੇਵ ਜੀ 'ਗੁਰ ਪ੍ਰਸਾਦਿ' ਦੁਆਰਾ ਜੀਊਂਦੇ ਹਨ, ਤਾਂ ਗੁਰੂ ਗੋਬਿੰਦ ਸਿੰਘ ਜੀ 'ਤੱਵ ਪ੍ਰਸਾਇ' ਕਹਿੰਦੇ ਨਹੀਂ ਥਕਦੇ। 'ਗੁਰ ਪ੍ਰਸਾਦਿ' ਨਾਲ ਆਰੰਭ ਹੋਈ ਲਹਿਰ ਦਾ ਸਿਖਰ 'ਤੱਵ ਪ੍ਰਸਾਦਿ' ਹੀ ਹੈ। ਸਿੱਖ ਤੇ ਸਿੰਘ ਉਹੀ ਹੈ, ਜਿਸ ਨੇ ਗੁਰ ਪ੍ਰਸਾਦਿ ਅਨੁਸਾਰ ਚਲਦਿਆਂ ਤੱਵ ਪ੍ਰਸਾਦਿ ਦਾ ਪੰਥ ਪ੍ਰਾਪਤ ਕਰ ਲਿਆ ਹੈ। ਜੇ ਗੁਰੂ ਨਾਨਕ-ਕਵੀ ਦੀ ਕਾਵਿ-ਮੁੱਦ੍ਰਾ 'ਦਾਸ ਨਾਨਕ' ਹੈ, ਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਕਾਵਿ-ਮੁਹਰ 'ਦਾਸ ਗੋਬਿੰਦ' ਹੈ। 'ਦਾਸ ਨਾਨਕ' ਮੁੱਢ ਹੈ—ਸਿੱਖ ਧਰਮ-ਪੰਥ ਦਾ, ਤੇ 'ਦਾਸ ਗੋਬਿੰਦ' ਸਿਖਰ ਹੈ—ਸਿੰਘ ਖਾਲਸਾ-ਪੰਥ ਦਾ। ਉਂਜ ਸਾਰੇ ਗੁਰੂ ਸਾਹਿਬਾਨ ਪਰਮ ਪੁਰਖ ਦੇ ਦਾਸ ਹਨ।

'ਗੁਰੂ ਗੋਬਿੰਦ ਸਿੰਘ ਜੀ' ਸੰਪੂਰਣਤਾ ਦੇ ਬਿੰਬ ਹਨ। ਉਹਨਾਂ ਦੀ ਪਾਵਨ ਤੇ ਤੇਜੱਸਵੀ ਜੀਵਨ ਛੋਹ ਦੁਆਰਾ ਗੁਰੂ ਨਾਨਕ-ਸਰੂਪ ਵੀ ਸੰਪੂਰਨ ਹੁੰਦਾ ਹੈ, ਗੁਰੂ ਨਾਨਕ-ਪੰਥ ਵੀ ਸੰਪੂਰਣਤਾ ਪ੍ਰਾਪਤ ਕਰਦਾ ਹੈ, ਗੁਰੂ ਨਾਨਕ-ਮੰਦਰ ਵੀ ਸੰਪੂਰਣਤਾ ਨੂੰ ਛੂਹੰਦਾ ਹੈ, ਗੁਰੂ ਨਾਨਕ-ਗ੍ਰੰਥ ਵੀ ਸੰਪੂਰਣ 'ਗੁਰੂ' ਬਣ ਜਾਂਦਾ ਹੈ, ਗੁਰੂ ਨਾਨਕ-ਸ਼ਹਾਦਤ ਵੀ ਗਿਰਾਵਟ ਤੇ ਗੁਲਾਮੀ ਦੀਆਂ ਜੰਜੀਰਾਂ ਨੂੰ ਵੰਗਾਰਣ ਲਗ ਪੈਂਦੀ ਹੈ। ਗੁਰੂ ਗੋਬਿੰਦ ਜੀ ਸੱਚ ਮੁੱਚ ਹੀ ਇਕ ਵੰਗਾਰ ਦਾ ਐਲਾਨ ਕਰਦੇ ਹੋਏ ਜਗ ਵਿਚ ਪ੍ਰਵੇਸ਼ ਕਰਦੇ ਹਨ।

ਸਤਿ ਸ੍ਰੀ ਅਕਾਲ

Digitized by Panjab Digital Library | www.panjabdigilib.org

ਅੰਮ੍ਰਿਤ ਦੇ ਦਾਤੇ

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ

## ਮਹਾਨ ਪੁਰਬ

ਦੀ

ਸਰਬ ਗੁਰਸਿੱਖਾਂ ਨੂੰ

**ਜਸਪਾਲ ਸਿੰਘ**

ਸਪੁੱਤਰ

**ਸ੍ਰ: ਤੀਰਥ ਸਿੰਘ, ਸਕੱਤਰ**

**ਸ੍ਰੀ ਗੁਰੂ ਸਿੰਘ ਸਭਾ, ਗਵਰਨਮੈਂਟ ਕੁਆਟਰਜ਼**

**ਔਰਿਜਨਲ ਰੋਡ, ਦਿੱਲੀ**

ਵਲੋਂ

**ਲੱਖ ਲੱਖ ਵਧਾਈ ਹੋਵੇ ।**

---


# ਜ਼ਰੂਰ ਪੜ੍ਹੋ

## ਨਵੀਆਂ ਛਪੀਆਂ ਰਚਨਾਵਾਂ

| ਨੰ: | ਪੁਸਤਕ | ਕਰਤਾ | ਰੁਪਏ ਪੈ: |
|---|---|---|---|
| 1. | ਬਲਿਓ ਚਿਰਾਗ | ਪ੍ਰਿੰਸੀਪਲ ਸਤਿਬੀਰ ਸਿੰਘ | 6.00 |
| 2. | ਗੁਰੂ ਨਾਨਕ ਦਾ ਸਰੂਪ | ਪ੍ਰੋ: ਜੋਗਿੰਦਰ ਸਿੰਘ | 8.00 |
| 3. | ਜਪੁ: ਸੱਚੀ ਟਕਸਾਲ | ਪ੍ਰੋ: ਜੋਗਿੰਦਰ ਸਿੰਘ | 4.00 |
| 4. | ਵਾਰ ਕਾਰ ਗੁਰੂ ਨਾਨਕ | ਡਾ: ਕਾਲਾ ਸਿੰਘ ਬੇਦੀ | 12.50 |
| 5. | ਜਪੁਜੀ—ਤੁਲਨਾਤਮਕ ਅਧਿਐਨ | ਡਾ: ਦਲੀਪ ਸਿੰਘ | 12.50 |
| 6. | ਅਰਦਾਸ ਤੇ ਸਾਡਾ ਇਤਿਹਾਸ | ਪ੍ਰੋ: ਜੋਗਿੰਦਰ ਸਿੰਘ | 7.50 |

ਮਿਲਣ ਦਾ ਪਤਾ—

**ਪੰਜਾਬੀ ਬੁਕ ਸਟੋਰ**

ਮੇਨ ਬਾਜ਼ਾਰ ਪਹਾੜ ਗੰਜ, ਨਵੀਂ ਦਿੱਲੀ

ਫੋਨ : 271039


Digitized by Panjab Digital Library | www.panjabdigilib.org

ਗੁਰਮਿਤ ਪ੍ਰਿੰਟਿੰਗ ਪ੍ਰੈਸ, ਚੌਂਕ ਸੰਗਤਰਾਸ਼ਾਂ ਪਹਾੜ ਗੰਜ, ਨਵੀਂ ਦਿੱਲੀ-55.

B - 0732

Digitized by Panjab Digital Library | www.panjabdigilib.org

# ਦਸ਼ਮੇਸ਼ ਪਿਤਾ ਗੁਰੂ ਗੋਬਿੰਦ ਸਿੰਘ ਜੀ ਦੇ

# ਪ੍ਰਕਾਸ਼ ਦਿਵਸ

ਦੀ

ਸਰਬ ਮਨੁੱਖਤਾ ਨੂੰ

## ਤਾਰਾ ਸਿੰਘ ਸਲੂਜਾ

**ਪ੍ਰਚਾਰ ਸਕੱਤਰ, ਅਕਾਲੀ ਜੱਥਾ ਬੰਗਲਾ ਸਾਹਿਬ**

ਵਲੋਂ

**ਲੱਖ ਲੱਖ ਵਧਾਈ ਹੋਵੇ**

---

## ਵਿਸ਼ੇਸ਼ ਸੰਦੇਸ਼

ਅੱਜ ਅਜਿਹੇ ਸੇਵਕਾਂ ਤੇ ਸ਼ਰਧਾਲੂਆਂ ਦੀ ਲੋੜ ਹੈ, ਜਿਹੜੇ ਗੁਰੂ ਗੋਬਿੰਦ ਸਿੰਘ ਜੀ ਦੇ ਸਾਂਝੀਵਾਲਤਾ ਤੇ ਮਾਨਵ-ਭਲਾਈ ਦੇ ਸਿਧਾਂਤ ਨੂੰ ਆਪਣੇ ਜੀਵਨ ਤੇ ਆਚਰਣ ਵਿਚ ਸੰਚਾਰ ਕੇ, ਪੰਥ ਤੇ ਦੇਸ਼ ਲਈ ਲਾਭਕਾਰੀ ਸਿੱਧ ਹੋਣ। ਇਹੋ ਘਾਟ ਹੀ ਸਾਡੇ ਜੀਵਨ ਵਿਚ ਸਭ ਔਕੜਾਂ ਤੇ ਲਾਚਾਰੀਆਂ ਦਾ ਕਾਰਣ ਬਣਦੀ ਹੈ।

ਆਉ, ਉਸ ਮਹਾਨ ਗੁਰੂ-ਆਗੂ ਦੇ ੩੦੩ ਸਾਲਾ ਜਨਮ-ਦਿਵਸ ਤੇ, ਸਮੁੱਚੇ ਸੰਸਾਰ ਵਿਚ, ਉਹਨਾਂ ਦੇ ਇਸ ਆਸ਼ੇ ਤੇ ਉਦੇਸ਼ ਨੂੰ ਪਰਚਾਰੀਏ :—

ਹਿੰਦੂ ਤੁਰਕ ਕੋਊ ਰਾਫ਼ਜੀ ਇਮਾਮਸਾਫ਼ੀ,
ਮਾਨੁਸ ਕੀ ਜਾਤਿ ਸਭੈ ਏਕੈ ਪਹਿਚਾਨਬੋ।

ਜਿਸ ਨਾਲ ਸੰਸਾਰ ਵਿਚ ਸਾਂਝੀ-ਵਾਲਤਾ ਤੇ ਖੁਸ਼ਹਾਲੀ ਪੈਦਾ ਹੋ ਸਕੇ।

ਮੈਨੂੰ ਪ੍ਰੋ: ਜੋਗਿੰਦਰ ਸਿੰਘ ਵਲੋਂ ਪ੍ਰਕਾਸ਼ਿਤ ਕੀਤੇ ਜਾ ਰਹੇ ਪੈਂਫਲਿਟ ਵਿਚ ਸਿਖ ਧਰਮ ਦੀ ਉਹ ਲੋਅ (Light) ਨਜ਼ਰ ਆ ਰਹੀ ਹੈ, ਜੋ ਆ ਰਹੀਆਂ ਨਸਲਾਂ ਲਈ ਇਕ ਨਵਾਂ ਰਾਹ ਉਲੀਕੇ ਗੀ।

**ਮਨਮੋਹਨ ਸਿੰਘ ਠੇਕੇਦਾਰ**
ਸੋਸ਼ਲ ਸਕੱਤਰ, ਸੈਂਟਰਲ ਖਾਲਸਾ ਦੀਵਾਨ ਤੇ
ਆਲ ਇੰਡੀਆ ਸਿੱਖ ਫੈਡਰੇਸ਼ਨ।

Digitized by Panjab Digital Library | www.panjabdigilib.org